# ਨਵੇਂ ਆਏ ਲੋਕਾਂ ਲਈ ਸਰੀ ਦੇ ਸਵਦੇਸ਼ੀ ਲੋਕਾਂ ਬਾਰੇ ਗਾਈਡ

# Surrey First Peoples Guide for Newcomers




ਖੋਜ ਕਰਤਾ ਅਤੇ ਲਿਖਾਰੀ
ਲਿਟਲਕਰੇਨ ਕਨਸਲਟਿੰਗ

ਡਿਜ਼ਾਈਨ ਅਤੇ ਲੇਆਊਟ ਕਰਤਾ
ਨਾਹਨੀ ਕਰੀਏਟਿਵ ਇੰਕ

ਹੱਥਾਂ ਨਾਲ ਗਰਾਫ਼ਿਕਸ ਬਣਾਏ
ਜੈਮੀ ਲੇਹ ਗੋਂਜ਼ਲੇਸ

ਫ਼ੋਟੋਗਰਾਫ਼ੀ ਕੀਤੀ
ਕੈਲਸੀ ਮਰਚੰਡ

# ਤਤਕਰਾ

ਇਲਾਕਾਈ ਮਾਨਤਾ ........................................................................3
ਮੁਖਬੰਦ........................................................................................3
ਸਵਾਗਤ ........................................................................................4
ਪਰਿਭਾਸ਼ਾਵਾਂ ..................................................................................5
ਧਰਤੀ ਪੁੱਤਰਾਂ ਦੀਆਂ ਕਹਾਣੀਆਂ ..........................................................8
ਹਾਰਲੇ ਚੈਪਲ ਮੁਖੀ ਸੇਮੀਆਮੂਹ ਫ਼ਸਟ ਨੇਸ਼ਨ
ਮੈਰੀਲਿਨ ਗੈਬਰੀਲ ਮੁਖੀ ਕਵਾਂਟਲੇਨ ਫ਼ਸਟ ਨੇਸ਼ਨ
ਸ਼ਿਸ਼ਟਾਚਾਰ ....................................................................................10
ਸ਼ੁਰੂਆਤ ਠੀਕ ਕਰਨੀ
ਇਲਾਕਾਈ ਮਾਨਤਾ ਦਾ ਮਹੱਤਵ
ਆਪਣੇ ਹੱਥ ਉੱਪਰ ਉਠਾਉਣੇ
ਜ਼ਮੀਨ-ਅਧਾਰਿਤ ਨੇਸ਼ਨਜ਼ ਦਾ ਇਤਿਹਾਸ ..........................................12
ਸੰਪਰਕ .........................................................................................13
ਸੰਪਰਕ ਦੇ ਸਮੇਂ ਸੇਮੀਆਮੂਹ
ਸਰਹੱਦਾਂ
ਸਵਦੇਸ਼ੀ ਅਤੇ ਪੱਛਮੀ ਵਿਸ਼ਵ ਦ੍ਰਿਸ਼ਟੀ ਦਾ ਟਕਰਾਅ
ਸਰੀ ਸ਼ਹਿਰੀ ਸਵਦੇਸ਼ੀ ਅਤੇ ਮੈਟਿਸ ਭਾਈਚਾਰਾ.......................................15
ਸਰੀ ਵਿਚ ਸਵਦੇਸ਼ੀ ਭਾਈਚਾਰੇ
ਸਰੀ ਵਿਚ ਮੈਟਿਸ ਭਾਈਚਾਰਾ
ਸਵਦੇਸ਼ੀ ਹੱਕ ਅਤੇ ਟਾਈਟਲ: ਕੈਨੇਡੀਅਨ ਨੀਤੀ ......................................17
ਪੇਪਲ ਬੁੱਲਜ਼
ਟੇਰਾ ਨੁਲਿਅਸ
1763 ਦੀ ਸ਼ਾਹੀ ਘੋਸ਼ਣਾ
ਬਿਮਾਰੀ
ਇੰਡੀਅਨ ਐਕਟ
ਮੌਜੂਦਾ ਇੰਡੀਅਨ ਐਕਟ
ਰਿਜ਼ਰਵ & ਰਿਹਾਇਸ਼
ਸਵਦੇਸ਼ੀ ਔਰਤਾਂ & ਇੰਡੀਅਨ ਐਕਟ
ਇੰਡੀਅਨ ਰਿਹਾਇਸ਼ੀ ਸਕੂਲਾਂ ਦਾ ਸਿਸਟਮ
ਘਰ ਵਾਪਸੀ
ਸਵਦੇਸ਼ੀ ਲੋਕਾਂ ਨੂੰ ਪ੍ਰਭਾਵਿਤ ਕਰਦੀਆਂ ਮੌਜੂਦਾ ਨੀਤੀਆਂ
ਕੈਨੇਡਾ ਵਿਚ ਸਵਦੇਸ਼ੀ ਵਿਰੋਧੀ ਨਸਲਵਾਦ ......................................... 25
ਮਿੱਥ ਕਿਵੇਂ ਬਣਦੀਆਂ ਹਨ?
ਮਿੱਥ & ਗ਼ਲਤਫ਼ਹਿਮੀਆਂ
ਮਿੱਥ ਜਾਂ ਤੱਥ
ਸਵਦੇਸ਼ੀ ਪ੍ਰਤਿਭਾ.............................................................................28
ਸਰੀ ਵਿਚ ਅਗਾਂਹ ਵਧੂ ਸਵਦੇਸ਼ੀ ਵਿਅਕਤੀਆਂ ਦਾ ਸਨਮਾਨ
ਸਵਦੇਸ਼ੀ ਸੁਰਜੀਤੀ .........................................................................31
ਅੰਤਿਕਾ

# ਇਲਾਕਾਈ ਮਾਨਤਾ

# Territorial Acknowledgement

ਇਹ ਕੰਮ ਸੇਮਿਆਮੂਹ (Semiahmoo), ਕਟਜ਼ੇ (Katzie), ਕਵਿਕਵੈਟਲਮ (Kwikwetlem), ਕਵਾਂਟਲੇਨ (Kwantlen), ਕਿਕਾਈਟ (Qayqayt), ਮਸਕਿਊਐਮ (Musqueam), ਸਵੇਸਨ (Tsawwassen) ਆਦੀ ਵਾਸੀਆਂ ਦੇ ਖ਼ਾਨਦਾਨੀ, ਰਵਾਇਤੀ ਅਤੇ ਜੋ ਇਲਾਕੇ ਤਿਆਗੇ ਨਹੀਂ ਗਏ ਬਾਰੇ ਕੀਤਾ ਜਾ ਰਿਹਾ ਹੈ। ਇਸ ਸਰੋਤ ਦੇ ਸੰਦਰਭ ਵਿਚ ਇਨ੍ਹਾਂ ਬਰਾਦਰੀਆਂ ਦੀ ਸੂਝ ਬੂਝ, ਰਵਾਇਤਾਂ ਅਤੇ ਲਗਾਤਾਰ ਯੋਗਦਾਨ ਬਹੁਤ ਮਹੱਤਵਪੂਰਨ ਹੈ। ਅਸੀਂ ਇਨ੍ਹਾਂ ਦੇ ਹੋ ਚੁੱਕੇ ਬਜ਼ੁਰਗਾਂ, ਮੌਜੂਦਾ ਬਜ਼ੁਰਗਾਂ ਅਤੇ ਉੱਭਰ ਰਹੀ ਪੀੜ੍ਹੀ ਨੂੰ ਸਤਿਕਾਰ ਭੇਟ ਕਰਦੇ ਹਾਂ।

ਸਰੀ ਫ਼ਸਟ ਪੀਪਲ ਗਾਈਡ ਵੱਲੋਂ ਅਸੀਂ ਸੇਮੀਆਮੂਹ ਫ਼ਸਟ ਨੇਸ਼ਨ ਦੇ ਮੁਖੀ ਹਾਰਲੇ ਚੈਪਲ ਅਤੇ ਕਵਾਂਟਲੇਨ ਫ਼ਸਟ ਨੇਸ਼ਨ ਦੇ ਮੁਖੀ ਮੈਰੀਲਿਨ ਗੈਬਰੀਐਲ ਦੇ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣੀ ਸਮਝਦਾਰੀ, ਸੂਝ ਬੂਝ ਅਤੇ ਸੱਚੇ ਮਨੋਂ ਆਪਣੀਆਂ ਬਰਾਦਰੀਆਂ ਦੀਆਂ ਦਿਲੀ ਭਾਵਨਾਵਾਂ ਸਾਂਝੀਆਂ ਕੀਤੀਆਂ। ਇਨ੍ਹਾਂ ਇੰਟਰਵਿਊਆਂ ਦਾ ਸੰਚਾਲਨ ਐਸੇ ਸਮੇਂ ਕੀਤਾ ਗਿਆ ਜਦੋਂ ਇਹ ਭਾਈਚਾਰੇ ਬਹੁਤ ਚੁਨੌਤੀ ਭਰੇ ਸਮੇਂ ਵਿਚੋਂ ਲੰਘ ਰਹੇ ਸਨ। ਇਨ੍ਹਾਂ ਜ਼ਮੀਨ ਅਧਾਰਿਤ ਭਾਈਚਾਰਿਆਂ ਵੱਲੋਂ ਆਪਣੇ ਹੱਕਾਂ ਦੀ ਰਖਵਾਲੀ ਲਈ ਹੀ ਨਹੀਂ ਬਲਕਿ ਇਸ ਰੀਜਨ ਵਿਚ ਰਹਿੰਦੇ ਸਾਰੇ ਆਦੀ ਵਾਸੀ ਲੋਕਾਂ ਲਈ ਕੀਤੇ ਗਏ ਉਪਰਾਲੇ ਦੇਖ ਕੇ ਸਾਡੇ ਹੱਥ ਖੜੇ ਹੋ ਜਾਂਦੇ ਹਨ। ਇਨ੍ਹਾਂ ਦੀ ਲੀਡਰਸ਼ਿਪ ਵਿਚੋਂ ਸਾਨੂੰ ਜ਼ਮੀਨ ਅਧਾਰਿਤ ਕਨੂੰਨਾਂ ਵਾਲੀ ਮਨੋਬਿਰਤੀ, ਜ਼ਿੰਮੇਵਾਰੀ ਦਾ ਸਿਸਟਮ ਅਤੇ ਮਹੱਤਵਪੂਰਨ ਸਿੱਖਿਆਵਾਂ ਨਜ਼ਰ ਆਉਂਦੀਆਂ ਹਨ ਜੋ ਇਨ੍ਹਾਂ ਵਿਚ ਆਦਿ ਕਾਲ ਤੋਂ ਮੌਜੂਦ ਹਨ।

# ਮੁਖਬੰਦ Forward



ਲੇਨ ਪੈਰੀ, ਕਟਜ਼ੇ ਫ਼ਸਟ ਨੇਸ਼ਨ

ਸ਼ੁੱਭ ਦਿਨ ਅਤੇ ਤੁਹਾਡਾ ਸਭ ਦਾ ਸਵਾਗਤ ਹੈ। ਮੇਰਾ ਨਾਮ ਲੇਨ ਪੈਰੀ ਹੈ ਅਤੇ ਖ਼ਾਨਦਾਨੀ ਨਾਮ ਪੁਲੀਕਵੀਲਕ ਹੈ। ਮੈਂ ਕਟਜ਼ੇ ਫ਼ਸਟ ਨੇਸ਼ਨ ਦੇ ਕੋਸਟ ਸੈਲਿਸ਼ (Coast Salish) ਭਾਈਚਾਰੇ ਵਿਚੋਂ ਹਾਂ ਜੋ ਸਰੀ ਮਿਊਨਿਸਪੈਲਟੀ ਦਾ ਇੱਕ ਮੇਜ਼ਬਾਨੀ ਵਾਲਾ ਇਲਾਕਾ ਹੈ। ਮੈਂ ਤੁਹਾਨੂੰ ਸਭ ਦੀ ਸ਼ੁਕਰਗੁਜ਼ਾਰ ਹਾਂ। ਇੱਥੇ ਆਉਣ ਅਤੇ ਇੱਥੇ ਆ ਕੇ ਇਹ ਗਾਈਡ ਲੈਣ, ਇਸ ਨੂੰ ਪੜ੍ਹਨ, ਮਹਿਸੂਸ ਕਰਨ, ਉਤਸੁਕਤਾ ਨਾਲ ਸਮਝਣ, ਅਤੇ ਏਕਤਾ ਅਤੇ ਨਿਮਰਤਾ ਦੀ ਭਾਵਨਾ ਲਈ ਤੁਹਾਡਾ ਧੰਨਵਾਦ। ਤੁਹਾਡੇ ਇੱਥੇ ਆਉਣ ਲਈ, ਤੁਹਾਡੀ ਹਾਜ਼ਰੀ ਲਈ ਅਤੇ ਸਮਝਣ ਵਿਚ ਹਿੱਸਾ ਲੈਣ ਵਾਸਤੇ ਅਤੇ ਫ਼ਸਟ ਨੇਸ਼ਨ ਦੇ ਲੋਕਾਂ ਬਾਰੇ ਜਾਣਨ ਅਤੇ ਆਪਸੀ ਸਬੰਧ ਪੈਦਾ ਕਰਨ ਦੀ ਤੁਹਾਡੀ ਭਾਵਨਾ ਦੀ ਬਹੁਤ ਮਹੱਤਤਾ ਹੈ।

ਇੱਥੇ ਇਹ ਜ਼ਿਕਰ ਕਰਨਾ ਬੜਾ ਜ਼ਰੂਰੀ ਹੈ ਕਿ (ਉੱਤਰੀ ਅਮਰੀਕਾ) ਦੇ ਟਰਟਲ ਜਜ਼ੀਰੇ (Turtle Island) ਦੇ ਅਦੀਵਾਸੀ ਲੋਕਾਂ ਨੂੰ ਕੈਨੇਡਾ ਅਤੇ ਅਮਰੀਕਾ ਵਿਚ ਪਿਛਲੇ ਸੌ ਸਾਲ ਤੋਂ ਜ਼ਿਆਦਾ ਸਮੇਂ ਤੋਂ ਇਤਿਹਾਸ ਦੀਆਂ ਕਿਤਾਬਾਂ, ਗਾਈਡਬੁੱਕਾਂ ਅਤੇ ਪੜ੍ਹਾਈ ਦੇ ਪ੍ਰੋਗਰਾਮਾਂ ਵਿਚੋਂ ਨਜ਼ਰਅੰਦਾਜ਼ ਕੀਤਾ ਗਿਆ ਹੈ। ਇਹ ਇੱਕ ਬੜੀ ਲੰਮੀ ਧੋਖੇਬਾਜ਼ ਸੋਚ ਸਾਨੂੰ ਮਨੁੱਖੀ ਭਾਈਚਾਰੇ ਵਿਚੋਂ ਖ਼ਤਮ ਕਰਨ ਕੋਸ਼ਿਸ਼ ਰਹੀ ਹੈ। ਫ਼ਸਟ ਨੇਸ਼ਨ ਗਾਈਡ ਆਦੀਵਾਸੀ ਲੋਕਾਂ ਦੁਆਰਾ ਆਦੀਵਾਸੀ ਲੋਕਾਂ ਦੇ ਸੰਦਰਭ ਵਿਚ ਲਿਖਿਆ ਦਸਤਾਵੇਜ਼ ਸਹੀ ਪਾਸੇ ਵੱਲ ਇੱਕ ਅਗਾਂਹ ਵਧੂ ਠੀਕ ਕਦਮ ਹੈ ਅਤੇ ਜਿਸ ਮੁਲਕ ਨੂੰ ਤੁਸੀਂ ਆਪਣਾ ਘਰ ਕਹਿੰਦੇ ਹੋ ਇਹ ਗਾਈਡ ਇਸ ਮੁਲਕ ਦੇ ਜੋ ਪਹਿਲੇ ਵਸਨੀਕ ਹਨ ਉਨ੍ਹਾਂ ਬਾਰੇ ਸਮਝਣ ਸਿੱਖਣ ਅਤੇ ਉਨ੍ਹਾਂ ਪ੍ਰਤੀ ਸਤਿਕਾਰ ਪੈਦਾ ਕਰਨ ਵਿਚ ਸਹਾਈ ਹੋਵੇਗਾ।

ਇਸ ਗਾਈਡ ਨੂੰ ਪੜ੍ਹਨ ਅਤੇ ਸਮਝਣ ਤੋਂ ਬਾਅਦ ਮੈਂ ਸਭ ਨੂੰ ਸਲਾਹ ਦਿੰਦੀ ਹਾਂ ਕਿ ਇਸ ਦਸਤਾਵੇਜ਼ ਵਿਚ ਜੋ ਕੁੱਝ ਵੀ ਸਮਝਣ ਅਤੇ ਸਿੱਖਣ ਜਾ ਰਹੇ ਹੋ ਉਸ ਨੂੰ ਆਪਣੇ ਖੁੱਲ੍ਹੇ ਦਿਲ ਅਤੇ ਦਿਮਾਗ਼ ਵਿਚ ਥਾਂ ਦਿਓ। ਸਿਰਫ਼ ਇਹ ਗਾਈਡ ਪੜ੍ਹਨ ਸਮੇਂ ਹੀ ਨਹੀਂ ਬਲਕਿ ਇਸ ਤੋਂ ਬਾਅਦ ਵੀ ਇਨ੍ਹਾਂ ਵਿਚਾਰਾਂ ਨੂੰ ਆਪਣੇ ਮਨ ਅਤੇ ਦਿਲ ਅੰਦਰ ਸਥਾਨ ਦਿਓ। ਅਸੀਂ ਫ਼ਸਟ ਨੇਸ਼ਨ ਦੇ ਲੋਕ ਇਸ ਧਰਤੀ ਤੇ ਸਮੇਂ ਦੇ ਸ਼ੁਰੂ ਤੋਂ ਰਹਿ ਰਹੇ ਹਾਂ। ਧਰਤੀ, ਪਾਣੀ ਅਤੇ ਹਵਾ ਜਿਸ ਦਾ ਅਨੰਦ ਅਸੀਂ ਸਭ ਮਾਣ ਰਹੇ ਹਾਂ ਇਨ੍ਹਾਂ ਕੁਦਰਤੀ ਤੱਤਾਂ ਦਾ ਪੁਰਾਤਨ ਗਿਆਨ ਅਤੇ ਵਿੱਦਿਆ ਸਾਡੇ ਕੋਲ ਹੈ।
ਧਰਤੀ ਜਿਸ ਨੂੰ ਆਪਣਾ ਘਰ ਕਹਿੰਦੇ ਹੋ ਅਤੇ ਸਾਰੇ ਲੋਕਾਂ, ਨੇਸ਼ਨਜ਼ ਦੀ ਤਰਫ਼ੋਂ ਤੁਹਾਡਾ ਸਭ ਦਾ ਸਵਾਗਤ ਕਰਦੀ ਹਾਂ। ਖ਼ੁਸ਼ ਰਹੋ ਅਤੇ ਇਸ ਧਰਤੀ ਅਤੇ ਫ਼ਸਟ ਨੇਸ਼ਨਜ਼ ਬਾਰੇ ਸਮਝਣਾ ਅਤੇ ਸਿੱਖਣਾ ਜਾਰੀ ਰੱਖੋ ਅਤੇ ਹਮੇਸ਼ਾ ਹਰ ਇੱਕ ਨਾਲ ਹਮਦਰਦੀ ਵਾਲਾ ਵਿਵਹਾਰ ਕਰੋ। ਇੱਥੋਂ ਦਾ ਇਹੀ ਕਾਨੂੰਨ ਹੈ।

- ਲੇਨ ਪੈਰੀ, ਕਟਜ਼ੇ ਫ਼ਸਟ ਨੇਸ਼ਨ

# ਸਵਾਗਤ Welcome



ਕੈਨੇਡਾ ਵਿਚ ਰਹਿੰਦੇ ਸਵਦੇਸ਼ੀ/ਆਦੀਵਾਸੀ ਵਸਨੀਕਾਂ ਬਾਰੇ ਪੁਰਾਤਨ ਸੰਦਰਭ ਵਿਚ ਫ਼ਸਟ ਨੇਸ਼ਨ ਗਾਈਡ ਨਵੇਂ ਆਏ ਲੋਕਾਂ ਦੀ ਜਾਣਕਾਰੀ ਲਈ ਸਹੀ ਸਰੋਤ ਵਜੋਂ ਹੈ। 2018 ਵਿਚ ਸਵਦੇਸ਼ੀ ਅਤੇ ਨਵੇਂ ਆਏ ਨੌਜਵਾਨਾਂ ਵਿਚਕਾਰ ਸੰਵਾਦ ਵਾਲੇ ਪ੍ਰਾਜੈਕਟ ਨੇ ਦੋਹਾਂ ਭਾਈਚਾਰਿਆਂ ਦੇ ਨੌਜਵਾਨਾਂ ਨੂੰ ਕਵਾਂਟਲੇਨ ਫ਼ਸਟ ਨੇਸ਼ਨ ਵਿਚ ਇਕੱਠਿਆਂ ਕੀਤਾ ਜਿੱਥੇ ਉਨ੍ਹਾਂ ਨੇ ਇੱਕ ਦੂਜੇ ਦੇ ਰਹਿਣ ਸਹਿਣ ਅਤੇ ਆਪਸੀ ਏਕਤਾ ਮਜ਼ਬੂਤ ਕਰਨ ਬਾਰੇ ਸਿੱਖਿਆ। ਇਨ੍ਹਾਂ ਸੰਵਾਦਾਂ ਰਾਹੀਂ ਨਵੇਂ ਆਏ ਨੌਜਵਾਨਾਂ ਨੇ ਦੱਸਿਆ ਕਿ ਕੈਨੇਡਾ ਆਉਂਦੇ ਸਾਰ ਹੀ ਆਦੀਵਾਸੀਆਂ ਬਾਰੇ ਭੁਲੇਖੇ ਸੁਭਾਵਕ ਹਨ। ਇਸ ਤੋਂ ਪਤਾ ਚੱਲਦਾ ਹੈ ਕਿ ਆਦੀਵਾਸੀ ਲੋਕਾਂ ਬਾਰੇ ਵਿਤਕਰਾ ਕੈਨੇਡਾ ਵਿਚ ਆਮ ਵਰਤਾਰਾ ਹੈ ਅਤੇ ਇਸ ਨੂੰ ਤੁਰੰਤ ਹੱਲ ਕਰਨ ਦੀ ਲੋੜ ਹੈ।

ਇਸ ਸਰੋਤ ਵਿਚ ਅਸੀਂ ਕੈਨੇਡਾ ਵਿਚ ਰਹਿੰਦੇ ਸਵਦੇਸ਼ੀ, ਮੈਟਿਸ ਅਤੇ ਇਨਯੂਟ ਲੋਕਾਂ ਦੇ ਰਵਾਇਤੀ ਸ਼ਿਸ਼ਟਾਚਾਰ ਅਤੇ ਇਤਿਹਾਸ ਅਤੇ ਮੌਜੂਦਾ ਹਾਲਾਤਾਂ ਬਾਰੇ ਜਾਣਕਾਰੀ ਦਿਆਂਗੇ ਅਤੇ ਇੱਥੋਂ ਦੇ ਸਵਦੇਸ਼ੀ ਲੋਕਾਂ ਬਾਰੇ ਭਰਮ ਭੁਲੇਖੇ ਦੂਰ ਕਰਨ ਦੀ ਕੋਸ਼ਿਸ਼ ਕਰਾਂਗੇ। ਇਹ ਦਸਤਾਵੇਜ਼ ਭਾਈਚਾਰਿਆਂ ਤੇ ਕੇਂਦਰਿਤ ਪਹੁੰਚ ਨਾਲ ਭੂਮੀ-ਅਧਾਰਿਤ ਨੇਸ਼ਨਜ਼ ਜਿਨ੍ਹਾਂ ਦੀ ਧਰਤੀ ਤੇ ਸਰੀ ਵਸਿਆ ਹੈ ਉਨ੍ਹਾਂ ਦੀ ਅਵਾਜ਼ ਨੂੰ ਉੱਚਾ ਚੁੱਕਣ ਦਾ ਇੱਕ ਉਪਰਾਲਾ ਹੈ। ਇਹ ਸਰੋਤ ਅਸਲ ਸਚਾਈਆਂ ਨੂੰ ਉਜਾਗਰ ਕਰੇਗਾ, ਸਾਂਝੀ ਸਮਝਦਾਰੀ ਦੀ ਬੁਨਿਆਦ ਰੱਖੇਗਾ ਅਤੇ ਸਰੀ ਵਿਚ ਦੋਹਾਂ ਭਾਈਚਾਰਿਆਂ ਭਾਵ ਸਵਦੇਸ਼ੀ ਅਤੇ ਨਵੇਂ ਆਏ ਲੋਕਾਂ ਵਿਚ ਏਕਤਾ ਵਧਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਏਗਾ।

2014 ਵਿਚ ਵੈਨਕੂਵਰ ਸ਼ਹਿਰ ਨੇ ਨਵੇਂ ਆਏ ਲੋਕਾਂ ਲਈ ਫ਼ਸਟ ਨੇਸ਼ਨ ਗਾਈਡ ਪ੍ਰਕਾਸ਼ਿਤ ਕੀਤੀ ਸੀ। ਇਸ ਰਿਪੋਰਟ ਵਿਚ ਕੈਨੇਡਾ ਵਿਚ ਸਵਦੇਸ਼ੀ, ਮੈਟਿਸ ਅਤੇ ਇਨਯੂਟ ਲੋਕਾਂ ਬਾਰੇ ਸਪਸ਼ਟ ਜਾਣਕਾਰੀ ਦਿੱਤੀ ਗਈ ਸੀ। ਇਸ ਦੇ ਲੇਖਕ ਕੋਰੀ ਵਿਲਸਨ ਹੁਣ ਬ੍ਰਿਟਿਸ਼ ਕੋਲੰਬੀਆ ਇੰਸਟੀਚਿਊਟ ਆਫ਼ ਟੈਕਨਾਲੋਜੀ ਦੇ ਇੰਡਿਜਨਿਸ ਇਨੀਸ਼ਿਏਟਿਵ ਪਾਰਟਨਰਸ਼ਿਪ ਦੇ ਐਗਜ਼ੈਕਟਿਵ ਡਾਇਰੈਕਟਰ ਹਨ। ਕੋਰੀ ਨੇ ਇੱਕ ਆਨਲਾਈਨ ਇੰਟਰਐਕਟਿਵ ਮੁਫ਼ਤ ਕੋਰਸ ਵੀ ਬਣਾਇਆ ਹੈ ਜਿਸ ਨੂੰ ਇੰਡਿਜਨਿਸ ਅਵੇਅਰਨੈਸ ਮਾਡਿਯੂਲ ਕਹਿੰਦੇ ਹਨ। ਇਸ ਰਿਪੋਰਟ ਵਿਚ ਕੋਰੀ ਦੇ ਕੰਮ ਦਾ ਹਵਾਲਾ ਦਿੱਤਾ ਜਾਏਗਾ ਤਾਂ ਜੋ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਫਿਰ ਨਾ ਦੁਹਰਾਇਆ ਜਾਏ ਅਤੇ ਅਸੀਂ ਭੂਮੀ-ਅਧਾਰਿਤ ਨੇਤਾਵਾਂ ਅਤੇ ਭਾਈਚਾਰੇ ਦੇ ਮੈਂਬਰਾਂ ਦੀ ਅਵਾਜ਼ ਨੂੰ ਉੱਚਾ ਚੁੱਕਣ ਵਿਚ ਮਦਦ ਕਰ ਸਕੀਏ। ਕੋਰੀ ਨੇ ਸਵਦੇਸ਼ੀ ਲੋਕਾਂ ਲਈ ਮਿਆਰੀ ਸਰੋਤ ਪੈਦਾ ਕਰਨ ਦਾ ਕੰਮ ਜਿਸ ਸਮਰਪਣ ਭਾਵਨਾ ਨਾਲ ਕੀਤਾ ਹੈ ਉਸ ਦੇ ਸਤਿਕਾਰ ਵਜੋਂ ਲੇਖਕ ਹੱਥ ਉੱਪਰ ਨੂੰ ਖੜੇ ਹੋ ਜਾਂਦੇ ਹਨ। ਅਸੀਂ ਉਨ੍ਹਾਂ ਲੇਖਕਾਂ, ਸਿਆਣਿਆਂ ਅਤੇ ਬਜ਼ੁਰਗਾਂ ਨੂੰ ਸਨਮਾਨਿਤ ਕਰਨਾ ਚਾਹੁੰਦੇ ਹਾਂ ਜਿਨ੍ਹਾਂ ਨੇ ਬਹੁਤ ਚੰਗੇ ਤਰੀਕੇ ਨਾਲ ਸਾਡੇ ਤੋਂ ਪਹਿਲਾਂ ਇਹ ਕੰਮ ਕੀਤਾ ਹੈ।

ਬੀ.ਸੀ.ਆਈ.ਟੀ. ਦੇ ਮੁਫ਼ਤ ਇੰਟਰਐਕਟਿਵ ਇੰਡਿਜਨਿਸ ਅਵੇਅਰਨੈਸ ਮਾਡਿਯੂਲ ਲਈ ਇਹ ਦੇਖੋ: https://www.bcit.ca/indigenous-services/resources/indigenous-modules/
ਕੋਰੀ ਵਿਲਸਨ ਦੀ ਪੁਲਿੰਗ ਟੂਗੈਦਰ ਫ਼ਾਊਂਡੇਸ਼ਨ ਗਾਈਡ ਲਈ ਇਹ ਦੇਖੋ: https://opentextbc.ca/indigenizationfoundations/

ਇਸ ਸਰੋਤ ਵਿਚ ਸਰੀ ਅਰਬਨ ਸਵਦੇਸ਼ੀ ਲੀਡਰਸ਼ਿਪ ਕਮੇਟੀ (SUILC) ਦੁਆਰਾ ਪਿਛਲੇ ਪੰਜ ਸਾਲਾਂ ਵਿਚ ਤਿਆਰ ਕੀਤੀ ਵਿਆਪਕ ਖੋਜ ਦਾ ਹਵਾਲਾ ਦਿੱਤਾ ਜਾਏਗਾ। ਇਹ ਕਮੇਟੀ ਸਥਾਨਕ ਸਵਦੇਸ਼ੀ ਅਤੇ ਗੈਰ ਸਵਦੇਸੀ ਸੰਗਠਨਾਂ ਦਾ ਗੱਠਜੋੜ ਹੈ ਜਿਸ ਦਾ ਸਰੀ ਦੀ ਸਵਦੇਸ਼ੀ ਅਬਾਦੀ ਨਾਲ ਮਹੱਤਵਪੂਰਨ ਸੰਬੰਧ ਹੈ।ਇਸ ਕਮੇਟੀ ਦੀ ਖੋਜ ਅਤੇ ਉੱਦਮ ਨੇ ਸਰੀ ਦੇ ਸਵਦੇਸ਼ੀ ਭਾਈਚਾਰੇ ਬਾਰੇ ਮਹੱਤਵਪੂਰਨ ਨਿਸ਼ਕਰਸ਼ ਸਾਹਮਣੇ ਲਿਆਂਦੇ ਹਨ। ਇਹ ਕੰਮ ਲੋਕਲ, ਸਵਦੇਸ਼ੀ ਅਤੇ ਮੈਟਿਸ ਭਾਈਚਾਰੇ ਦੀ ਸਿਆਣਪ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਭਾਈਚਾਰੇ ਦੀਆਂ ਜ਼ਰੂਰਤਾਂ ਦੀ ਹਮਾਇਤ ਕਰਦਾ ਹੈ। ਕਮੇਟੀ ਨੇ ਬੀ.ਸੀ. ਨੂੰ ਦਿੱਤੀ ਆਪਣੀ ਰਿਪੋਰਟ ਵਿਚ ਚਾਰ ਮੁੱਖ ਸਿਫ਼ਾਰਿਸ਼ਾਂ ਕੀਤੀਆਂ ਹਨ: 1. ਸ਼ਹਿਰੀ ਸਵਦੇਸ਼ੀ ਬੱਚਿਆਂ ਦੀ ਗਰੀਬੀ ਨੂੰ ਘਟਾਉਣਾ; 2. ਸਵਦੇਸ਼ੀਆਂ ਲਈ ਵਧੇਰੇ ਰਿਹਾਇਸ਼ੀ ਵਿਕਲਪ ਬਣਾਉਣਾ; 3. ਭਾਈਚਾਰੇ ਅਤੇ ਸਭਿਆਚਾਰ ਦੇ ਉਥਾਨ ਲਈ ਬੁਨਿਆਦੀ ਢਾਂਚੇ ਦੀ ਸਥਾਪਨਾ ਕਰਨਾ; 4. ਸਵਦੇਸ਼ੀਆਂ ਵਿਰੁੱਧ ਨਸਲਵਾਦ ਨੂੰ ਖ਼ਤਮ ਕਰਨ ਲਈ ਉਪਰਾਲੇ ਕਰਨਾ।

ਸਰੀ ਫ਼ਸਟ ਪੀਪਲ ਗਾਈਡ ਭਾਈਚਾਰਕ-ਕੇਂਦਰਿਤ ਤਰੀਕੇ ਦੀ ਵਰਤੋਂ ਕਰੇਗੀ ਜੋ ਜ਼ਮੀਨ-ਅਧਾਰਿਤ ਭਾਈਚਾਰਿਆਂ, ਸ਼ਹਿਰੀ ਅਬਾਦੀ ਅਤੇ ਸਵਦੇਸ਼ੀ ਚੈਂਪੀਅਨਾਂ ਦੀਆਂ ਕਹਾਣੀਆਂ ਨੂੰ ਚੰਗੀ ਤਰ੍ਹਾਂ ਉਜਾਗਰ ਕਰਦਾ ਹੈ। ਸਰੀ ਵਿਚ ਰਹਿ ਰਹੇ ਸਵਦੇਸ਼ੀ ਲੋਕਾਂ ਲਈ ਸਵਦੇਸ਼ੀਆਂ ਵਿਰੁੱਧ ਨਸਲਵਾਦ ਇੱਕ ਆਮ ਤਜਰਬਾ ਹੈ। ਨਸਲਵਾਦੀ ਅਤੇ ਕੱਟੜਪੰਥੀ ਸਵਦੇਸ਼ੀ ਲੋਕਾਂ ਨੂੰ ਸਿਹਤ, ਨਿਆਂ, ਵਿੱਦਿਆ, ਅਤੇ ਸਮਾਜਿਕ ਸੇਵਾਵਾਂ ਸਮੇਤ ਜ਼ਿੰਦਗੀ ਦੇ ਕਈ ਖੇਤਰਾਂ ਵਿਚ ਪ੍ਰਭਾਵਿਤ ਕਰਦੇ ਹਨ। ਜਦੋਂ ਇਹ ਨਸਲਵਾਦੀ ਅਤੇ ਕੱਟੜਪੰਥੀ ਭਾਵਨਾ ਆਮ ਹੋ ਜਾਂਦੀ ਹੈ ਤਾਂ ਸਵਦੇਸ਼ੀ ਲੋਕਾਂ ਦੇ ਭਾਈਚਾਰਿਆਂ ਨੂੰ ਜ਼ਿਆਦਾ ਬੰਦਸ਼ਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਨਸਲਵਾਦੀ ਅਤੇ ਕੱਟੜਪੰਥੀ ਵਿਚਾਰਧਾਰਾ ਨੂੰ ਅਸਰਦਾਰ ਤਰੀਕੇ ਨਾਲ ਨਜਿੱਠਣ ਨਾਲ ਹੀ ਸਰੀ ਵਿਚ ਰਹਿੰਦੇ ਸਵਦੇਸ਼ੀ, ਮੈਟਿਸ ਅਤੇ ਇਨਯੂਟ ਲੋਕ ਬਸਤੀਵਾਦੀ ਨਕਾਰਾਤਮਿਕ ਹਾਲਤ ਤੋਂ ਅਜ਼ਾਦ ਜ਼ਿੰਦਗੀ ਜੀ ਸਕਣਗੇ।



# ਪਰਿਭਾਸ਼ਾਵਾਂ Definitions

### ਆਦੀਵਾਸੀ **Aboriginal (n):**

ਆਦੀਵਾਸੀ: ਸੰਵਿਧਾਨ ਐਕਟ 1982 ਦੀ ਧਾਰਾ 35(2) ਵਿਚ ਪਰਿਭਾਸ਼ਤ ਆਦੀਵਾਸੀ ਲੋਕਾਂ ਵਿਚ ਸ਼ਾਮਲ ਹਨ: ਇੰਡੀਅਨ, ਇਨਊਟ, ਮੈਟਿਸ। ਇੰਡੀਅਨ ਅਤੇ ਆਦੀਵਾਸੀ ਦੋਵੇਂ ਨਾਮ ਫ਼ਸਟ ਨੇਸ਼ਨ, ਇਨਊਟ,ਅਤੇ ਮੈਟਿਸ ਲੋਕਾਂ ਨੂੰ ਦਰਸਾਉਂਦੇ ਹਨ। ਇਹ ਨੋਟ ਕਰਨਾ ਬੜਾ ਮਹੱਤਵਪੂਰਨ ਹੈ ਕਿ ਇਨ੍ਹਾਂ ਪਰਿਭਾਸ਼ਿਤ ਸ਼ਬਦਾਂ ਦੀ ਵਰਤੋਂ ਬਾਰੇ ਰੀਜਨ ਅਤੇ ਨਿੱਜੀ ਪਸੰਦ ਹੋ ਸਕਦੀ ਹੈ।

### ਆਦੀਵਾਸੀ ਅਧਿਕਾਰ ਅਤੇ ਟਾਈਟਲ: **Aboriginal rights and title (n.):**

"ਇਹ ਸਮੂਹਿਕ ਅਧਿਕਾਰ ਹਨ ਜੋ ਇਸ ਸਾਧਾਰਨ ਤੱਥ ਤੋਂ ਪੈਦਾ ਹੁੰਦੇ ਹਨ ਕਿ ਚਿਰਕਾਲ ਤੋਂ ਆਦੀਵਾਸੀ ਲੋਕ ਇਸ ਧਰਤੀ ਤੇ ਰਹਿ ਰਹੇ ਹਨ ਜਿਸ ਨੂੰ ਹੁਣ ਕੈਨੇਡਾ ਕਿਹਾ ਜਾਂਦਾ ਹੈ। ਆਦੀਵਾਸੀਆਂ ਦੇ ਅਧਿਕਾਰ ਨਵੇਂ ਆਏ ਲੋਕਾਂ ਨੂੰ ਮਿਲੇ ਅਧਿਕਾਰਾਂ ਨਾਲੋਂ ਵੱਖ ਹਨ ਅਤੇ ਇਨ੍ਹਾਂ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ, ਕਾਨੂੰਨ ਨਹੀਂ ਬਣਾਇਆ ਜਾ ਸਕਦਾ ਜਾਂ ਖ਼ਾਰਜ ਨਹੀਂ ਕੀਤਾ ਜਾ ਸਕਦਾ।
ਸੰਵਿਧਾਨ ਐਕਟ 1982 ਦੀ ਧਾਰਾ 35 ਮੁਤਾਬਿਕ ਕੈਨੇਡੀਅਨ ਕਾਨੂੰਨ ਸਵਦੇਸ਼ੀ ਲੋਕਾਂ ਦੇ ਅਧਿਕਾਰਾਂ ਅਤੇ ਟਾਈਟਲ ਨੂੰ ਮਾਨਤਾ ਅਤੇ ਸੁਰੱਖਿਆ ਦਿੰਦਾ ਹੈ। ਧਾਰਾ 35 ਇਹ ਹੈ:

35. (1) "ਕੈਨੇਡਾ ਦੇ ਆਦੀਵਾਸੀ ਲੋਕਾਂ ਦੇ ਮੌਜੂਦਾ, ਆਦੀਵਾਸੀ ਅਤੇ ਸੰਧੀ ਅਧਿਕਾਰਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ ਅਤੇ ਪੁਸ਼ਟੀ ਕੀਤੀ ਜਾਂਦੀ ਹੈ" ।

"ਆਦੀਵਾਸੀ ਟਾਈਟਲ ਵਿਚ ਹੀ ਸਵਦੇਸ਼ੀਆਂ ਲਈ ਜ਼ਮੀਨ ਦਾ ਹੱਕ ਸ਼ਾਮਲ ਹੈ। ਜ਼ਮੀਨ ਲਈ ਆਦੀਵਾਸੀ ਟਾਈਟਲ ਹੈ ਅਤੇ ਆਦੀਵਾਸੀ ਅਧਿਕਾਰ ਜ਼ਮੀਨ ਤੇ ਕਬਜ਼ਾ ਅਤੇ ਵਰਤੋਂ ਦੇ ਅਧਿਕਾਰ ਹਨ। ਇਹ ਦੋਵੇਂ ਸੰਵਿਧਾਨ ਐਕਟ 1982 ਦੀ ਧਾਰਾ 35 ਹੇਠ ਸੁਰੱਖਿਅਤ ਹਨ। 1982 ਤੋਂ ਆਦੀਵਾਸੀ ਟਾਈਟਲ ਅਤੇ ਅਧਿਕਾਰਾਂ ਦੇ ਅਰਥਾਂ ਅਤੇ ਇਨ੍ਹਾਂ ਦੀ ਸੀਮਾ ਬਾਰੇ ਕੈਨੇਡਾ ਵਿਚ ਕਾਫ਼ੀ ਸਵਦੇਸ਼ੀ ਮੁਕੱਦਮਿਆਂ ਦਾ ਵਿਸ਼ਾ ਰਿਹਾ ਹੈ"।

ਸੰਪਰਕ ਜਾਂ ਪਹਿਲਾ ਸੰਪਰਕ: ਬਸਤੀਵਾਦੀਆਂ ਦੇ ਆਉਣ ਤੋਂ ਪਹਿਲਾਂ ਇਹ ਇਲਾਕਾ ਜਿਸ ਨੂੰ ਉੱਤਰੀ ਅਮਰੀਕਾ ਕਿਹਾ ਜਾਂਦਾ ਹੈ ਇਸ ਵਿਚ ਅਦਿਵਾਸੀ ਲੋਕਾਂ ਦੇ ਜਟਿਲ ਕਬੀਲੇ ਸਵੈ-ਸ਼ਾਸਤ ਕੌਮਾਂ ਦੇ ਰੂਪ ਵਿਚ ਸੰਗਠਿਤ ਹੋ ਕੇ ਰਹਿੰਦੇ ਸਨ। "ਸੰਪਰਕ" ਜਾਂ "ਖੋਜ" ਦੀ ਧਾਰਨਾ ਅਵੈਧ ਹੈ ਕਿਉਂਕਿ ਆਦੀਵਾਸੀ ਲੋਕ ਟਰਟਲ ਜਜ਼ੀਰੇ ਤੇ ਹਜ਼ਾਰਾਂ ਸਾਲਾਂ ਤੋਂ ਰਹਿ ਰਹੇ ਸਨ।

### ਸਮਾ ਲੈਣਾ **Assimilate (v.),** ਪਚਾ ਲੈਣਾ **assimilation (n.):**

"ਅਦੀਵਾਸੀਆਂ ਨੂੰ ਉਤਸ਼ਾਹਿਤ ਕਰ ਕੇ ਜਾਂ ਜ਼ੋਰ ਜ਼ਬਰਦਸਤੀ ਨਾਲ ਉਨ੍ਹਾਂ ਦਾ ਸਭਿਆਚਾਰ, ਬੋਲੀ, ਰਹਿਣ ਸਹਿਣ ਦਾ ਤਰੀਕਾ ਬਦਲਣ ਲਈ ਅਤੇ ਬਸਤੀਵਾਦੀਆਂ ਦੇ ਸਭਿਆਚਾਰ ਨੂੰ ਅਪਣਾਉਣ ਲਈ ਮਜਬੂਰ ਕਰਨਾ"।

### ਕੋਸਟ ਸੈਲਿਸ਼ **Coast Salish (n.):**

"ਕੋਸਟ ਸੈਲਿਸ਼ ਇੱਕ ਸ਼ਬਦ ਹੈ ਜੋ ਪ੍ਰਸ਼ਾਂਤ ਉੱਤਰ-ਪੱਛਮ ਦੇ ਨਸਲੀ ਅਤੇ ਭਾਸ਼ਾਈ ਤੌਰ ਤੇ ਸਬੰਧਿਤ ਸਵਦੇਸ਼ੀ ਲੋਕਾਂ ਲਈ ਵਰਤਿਆ ਜਾਂਦਾ ਹੈ ਇਹ ਕੈਨੇਡਾ ਅਤੇ ਉੱਤਰ-ਪੱਛਮੀ ਅਮਰੀਕਾ ਵਿਚ ਰਹਿੰਦੇ ਹਨ।

ਕੋਸਟ ਸੈਲਿਸ਼ ਦਾ ਇਲਾਕਾ ਕੈਨੇਡਾ-ਅਮਰੀਕਾ ਸਰਹੱਦ ਦੇ ਨਾਲ ਨਾਲ ਜੌਰਜੀਆ ਦੀ ਖਾੜੀ ਦੇ ਉੱਤਰ ਤੋਂ ਸ਼ੁਰੂ ਹੋ ਕੇ ਔਰੇਗਨ ਅਤੇ ਵੈਨਕੂਵਰ ਜਜ਼ੀਰੇ ਦੇ ਪੂਰਬੀ ਹਿੱਸੇ ਦੇ ਅੱਧ ਅਤੇ ਸਾਰਾ ਲੋਅਰ ਮੇਨਲੈਂਡ ਅਤੇ ਪਗੈਟ ਸਾਊਂਡ (Puget Sound) ਅਤੇ ਉਲੰਪਿਕ ਪ੍ਰਾਇਦੀਪ ਤੱਕ ਫੈਲਿਆ ਹੋਇਆ ਹੈ।

2010 ਵਿਚ ਸਟ੍ਰੇਟ ਆਫ਼ ਜਾਰਜੀਆ, ਗਲਫ ਆਫ਼ ਜਾਰਜੀਆ, ਸਟ੍ਰੇਟ ਆਫ਼ ਜਾਨ ਡੀ ਫੂਕਾ ਅਤੇ ਪਗੈਟ ਸਾਊਂਡ ਦੇ ਕਿਨਾਰੇ ਰਹਿੰਦੇ ਲੋਕਾਂ ਦੇ ਸਨਮਾਨ ਵਿਚ ਇਨ੍ਹਾਂ ਪਾਣੀ ਸਮੂਹਾਂ ਨੂੰ ਅਧਿਕਾਰਤ ਤੌਰ ਤੇ ਸੇਲਿਸ਼ ਸਮੁੰਦਰ ਦਾ ਨਾਮ ਦਿੱਤਾ ਗਿਆ"।

### ਬਸਤੀ ਵਸਾਉਣਾ **Colonize (v.),** ਬਸਤੀਵਾਦੀ ਕਰਨ **Colonization (n.):**


"ਬਸਤੀਵਾਦੀ ਕਰਨ ਇੱਕ ਪ੍ਰਕਿਰਿਆ ਹੈ ਜਿੱਥੇ ਲੋਕਾਂ ਦਾ ਇੱਕ ਗਰੁੱਪ ਕਿਸੇ ਦੂਸਰੇ ਗਰੁੱਪ ਦੀ ਜਗ੍ਹਾ ਤੇ ਜਾ ਕੇ ਉੱਥੇ ਕਬਜ਼ਾ ਕਰ ਲੈਂਦਾ ਹੈ ਅਤੇ ਉਨ੍ਹਾਂ ਦੀਆਂ ਜ਼ਿੰਦਗੀਆਂ ਬਦਲ ਦਿੰਦਾ ਹੈ। ਬਸਤੀਵਾਦ ਸਾਰੀ ਦੁਨੀਆ ਤੇ ਹੋਇਆ ਹੈ: ਉੱਤਰੀ ਅਮਰੀਕਾ ਵਿਚ ਬਰਤਾਨਵੀ ਅਤੇ ਫ਼ਰੈਂਚ ਨੇ, ਹਿੰਦੁਸਤਾਨ ਵਿਚ ਬਰਤਾਨੀਆ ਨੇ, ਦੱਖਣੀ ਅਫ਼ਰੀਕਾ ਵਿਚ ਡੱਚ ਨੇ, ਲਟਿਨ ਅਮਰੀਕਾ ਵਿਚ ਸਪੈਨਿਸ਼ਾਂ ਨੇ ਅਤੇ ਬਰਾਜ਼ੀਲ ਵਿਚ ਪੁਰਤਗਾਲ ਨੇ ਇਹ ਪ੍ਰਕਿਰਿਆ ਕੀਤੀ ਹੈ"।

"ਬਸਤੀਵਾਦੀਕਰਨ ਉਦੋਂ ਹੁੰਦਾ ਹੈ ਜਦੋਂ ਨਵਾਂ ਆਇਆ ਗਰੁੱਪ ਸਵਦੇਸ਼ੀ ਲੋਕਾਂ ਤੇ ਪੂਰਾ ਕਬਜ਼ਾ ਕਰ ਲੈਂਦਾ ਹੈ। ਬਸਤੀਵਾਦੀ ਆਪਣਾ ਸਭਿਆਚਾਰ, ਧਰਮ ਅਤੇ ਕਾਨੂੰਨ ਥੋਪਦਾ ਹੈ ਅਤੇ ਆਪਣੇ ਹੱਕ ਵਿਚ ਅਤੇ ਸਵਦੇਸ਼ੀਆਂ ਦੇ ਉਲਟ ਨੀਤੀਆਂ ਬਣਾਉਂਦਾ ਹੈ। ਉਹ ਸਵਦੇਸ਼ੀਆਂ ਦੀ ਜ਼ਮੀਨ ਤੇ ਆਪਣਾ ਕਬਜ਼ਾ ਕਰ ਲੈਂਦੇ ਹਨ ਅਤੇ ਸਾਰੇ ਸਰੋਤਾਂ ਅਤੇ ਵਪਾਰ ਤੇ ਆਪਣਾ ਕੰਟ੍ਰੋਲ ਜਮਾ ਲੈਂਦੇ ਹਨ। ਜਿਸ ਦੇ ਨਤੀਜੇ ਵਜੋਂ ਸਵਦੇਸ਼ੀ ਲੋਕ ਬਸਤੀਵਾਦੀਆਂ ਤੇ ਨਿਰਭਰ ਹੋ ਜਾਂਦੇ ਹਨ"।

### ਸਭਿਆਚਾਰ **Culture (n.):**

"ਇਹ ਸ਼ਬਦ ਕਿਸੇ ਭਾਈਚਾਰੇ ਦਾ ਦੁਨੀਆ ਪ੍ਰਤੀ ਨਜ਼ਰੀਆ ਅਤੇ ਜ਼ਮੀਨ ਸਬੰਧੀ ਲਗਾਓ ਦਾ ਪ੍ਰਗਟਾਵਾ ਹੈ। ਕੈਨੇਡਾ ਵਿਚ ਸਵਦੇਸ਼ੀ ਲੋਕਾਂ ਦੇ ਸਭਿਆਚਾਰ ਵੰਨ ਸੁਵੰਨੇ ਹਨ ਪਰ ਉਨ੍ਹਾਂ ਵਿਚ ਕਾਫੀ ਸਾਂਝਾਂ ਵੀ ਹਨ।

ਰਵਾਇਤੀ ਤੌਰ ਤੇ ਇਨ੍ਹਾਂ ਦਾ ਸਮਾਜ ਪੰਚਾਇਤੀ ਹੈ: ਜਿਸ ਵਿਚ ਹਰ ਇੱਕ ਵਿਅਕਤੀ ਦੀ ਆਪਣੀ ਭੂਮਿਕਾ ਅਤੇ ਜ਼ਿੰਮੇਵਾਰੀ ਹੈ, ਆਦਮੀ ਅਤੇ ਔਰਤ ਵਿਚਕਾਰ ਸਮਾਨਤਾ ਹੈ ਕੁਦਰਤ ਦੀ ਕਦਰ ਕਰਦੇ ਹਨ ਅਤੇ ਜ਼ਿੰਦਗੀ ਨੂੰ ਇੱਕ ਆਵਾਗੌਣ ਦਾ ਚੱਕਰ ਮੰਨਦੇ ਹਨ"।





## ਨਾਗਰਿਕ ਅਧਿਕਾਰ: Enfranchisement (n.):

ਐਨਫ੍ਰੈਂਚਾਈਜ਼ਮੈਂਟ ਇੱਕ ਕਾਨੂੰਨੀ ਪ੍ਰਕਿਰਿਆ ਹੈ ਜਿਸ ਅਨੁਸਾਰ ਵਿਅਕਤੀ ਦਾ ਆਦੀਵਾਸੀ ਰੁਤਬੇ ਅਤੇ ਰੁਤਬੇ ਦੇ ਅਧਿਕਾਰਾਂ ਨੂੰ ਖ਼ਤਮ ਕਰ ਕੇ ਪੂਰੀ ਕੈਨੇਡੀਅਨ ਨਾਗਰਿਕਤਾ ਪ੍ਰਦਾਨ ਕੀਤੀ ਜਾਂਦੀ ਹੈ। ਸ਼ੁਰੂ ਵਿਚ 1857 ਦੇ ਗ੍ਰੈਜੂਅਲ ਨਾਗਰਿਕਤਾ ਸੰਵਿਧਾਨ ਅਧੀਨ ਇਹ ਪ੍ਰਕਿਰਿਆ ਸਵੈ-ਇੱਛਿਤ ਸੀ ਅਤੇ 1876 ਦੇ ਸਵਦੇਸ਼ੀ ਸੰਵਿਧਾਨ ਜੋ 1961 ਤੱਕ ਲਾਗੂ ਸੀ ਮੁਤਾਬਿਕ ਇਹ ਪ੍ਰਕਿਰਿਆ ਕਾਨੂੰਨੀ ਤੌਰ ਤੇ ਲਾਜ਼ਮੀ ਬਣ ਗਈ। ਐਨਫ੍ਰੈਂਚਾਈਜ਼ਮੈਂਟ ਦਾ ਨਿਸ਼ਾਨਾ 'ਸਭਿਅਕ' ਲੋਕਾਂ ਅਤੇ ਬੈਂਡਾਂ ਨੂੰ ਬਸਤੀਵਾਦੀ ਲੋਕਾਂ ਵਿਚ ਮਿਲਾ ਲਿਆ ਜਾਏ ਅਤੇ ਇਹ ਜਾਇਦਾਦ ਦੇ ਮਾਲਕ ਬਣ ਸਕਣ (ਅਲਾਟ ਕੀਤੇ ਰਿਜ਼ਰਵ ਜੰਗਲ ਵਿਚੋਂ ਘਟ ਕਰ ਕੇ) ਅਤੇ ਸੂਬਾਈ ਅਤੇ ਫ਼ੈਡਰਲ ਚੋਣਾ ਵਿਚ ਵੋਟ ਪਾ ਸਕਣ (ਉਸ ਸਮੇਂ ਸਵਦੇਸ਼ੀ ਔਰਤਾਂ ਨੂੰ ਕੋਈ ਕਾਨੂੰਨੀ ਹੱਕ ਨਹੀਂ ਸੀ ਦਿੱਤਾ ਗਿਆ)। ਐਨਫ੍ਰੈਂਚਾਈਜ਼ਮੈਂਟ 1985 ਤੱਕ ਜਾਰੀ ਰਹੀ, ਸਵਦੇਸ਼ੀ ਔਰਤ ਦੀ ਕਿਸੇ ਨਾਨ-ਸਵਦੇਸ਼ੀ ਨਾਲ ਸ਼ਾਦੀ ਹੋਣ ਦੀ ਹਾਲਤ ਵਿਚ ਉਸ ਔਰਤ ਦਾ ਆਪਣਾ ਰੁਤਬਾ ਖ਼ਤਮ ਹੋ ਜਾਂਦਾ ਸੀ।

ਐਨਫ੍ਰੈਂਚਾਈਜ਼ਮੈਂਟ ਨਾਲ ਸਵਦੇਸ਼ੀ ਰੁਤਬੇ ਵਾਲੇ ਵਿਅਕਤੀ ਦਾ ਰੁਤਬਾ ਖ਼ਤਮ ਹੋ ਜਾਂਦਾ ਜੇ ਉਹ:

- ਕੈਨੇਡੀਅਨ ਫੌਜ ਵਿਚ ਨੌਕਰੀ ਕਰਦਾ ਹੈ
- ਕਾਲਜ ਜਾਂ ਯੂਨੀਵਰਸਿਟੀ ਦੀ ਡਿਗਰੀ ਪ੍ਰਾਪਤ ਕਰਦਾ ਹੈ
- ਲੰਮੇ ਸਮੇਂ ਲਈ ਆਪਣੇ ਰਿਜ਼ਰਵ ਵਿਚੋਂ ਗੈਰਹਾਜ਼ਰ ਰਹਿੰਦਾ ਹੈ, ਜਿਵੇਂ ਕਿਸੇ ਨੌਕਰੀ ਲਈ
- ਧਾਰਮਕ ਆਗੂ (ਪਾਦਰੀ) ਬਣ ਜਾਂਦਾ ਹੈ
- ਪੇਸ਼ਾਵਰ ਜਿਵੇਂ ਡਾਕਟਰ ਜਾਂ ਵਕੀਲ ਬਣ ਜਾਂਦਾ ਹੈ

## ਬਜ਼ੁਰਗ Elder (n.):

"ਆਦੀਵਾਸੀ ਸਭਿਆਚਾਰ ਵਿਚ ਬਜ਼ੁਰਗਾਂ ਦੀ ਦੇਖਭਾਲ ਅਤੇ ਸਤਿਕਾਰ ਕੀਤਾ ਜਾਂਦਾ ਹੈ। ਬਜ਼ੁਰਗ ਸਿਰਫ਼ ਇੱਕ ਵਡੇਰਾ ਜਾਂ ਬੁੱਢਾ ਵਿਅਕਤੀ ਹੀ ਨਹੀਂ ਹੁੰਦਾ ਉਹ ਆਪਣੇ ਸਭਿਆਚਾਰ ਦੇ ਇਤਿਹਾਸ, ਕਦਰਾਂ ਕੀਮਤਾਂ ਅਤੇ ਸਿੱਖਿਆਵਾਂ ਦੀ ਜਾਣਕਾਰੀ ਵੀ ਰੱਖਦਾ ਹੈ। ਉਹ ਆਪਣਾ ਜੀਵਨ ਇਨ੍ਹਾਂ ਕਦਰਾਂ ਕੀਮਤਾਂ ਅਨੁਸਾਰ ਜੀਉਂਦਾ ਹੈ।

ਆਪਣੀ ਜਾਣਕਾਰੀ ਸੂਝ ਬੂਝ ਅਤੇ ਵਿਵਹਾਰ ਕਾਰਨ ਬਜ਼ੁਰਗ ਭਾਈਚਾਰੇ ਲਈ ਇੱਕ ਮਹੱਤਵਪੂਰਨ ਆਦਰਸ਼ਕ ਨਮੂਨਾ ਅਤੇ ਭਾਈਚਾਰੇ ਦੇ ਸਾਰੇ ਮੈਂਬਰਾਂ ਲਈ ਸਿੱਖਿਆ ਦਾਤਾ ਹੁੰਦੇ ਹਨ। ਪਰੰਪਰਾਵਾਂ ਨੂੰ ਕਾਇਮ ਰੱਖਣ ਅਤੇ ਮੌਖਿਕ ਇਤਿਹਾਸ ਅਗਲੀ ਪੀੜ੍ਹੀ ਵਿਚ ਪਹੁੰਚਾਉਣ ਲਈ ਬਜ਼ੁਰਗ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ"।

## ਫ਼ਸਟ ਨੇਸ਼ਨ First Nation (n.):

"ਕੈਨੇਡਾ ਵਿਚ ਫ਼ਸਟ ਨੇਸ਼ਨ ਸ਼ਬਦ ਸਵਦੇਸ਼ੀ ਲੋਕਾਂ ਲਈ ਵਰਤਿਆ ਜਾਂਦਾ ਹੈ ਅਤੇ ਜੋ ਆਪਣੇ ਆਪ ਨੂੰ ਇਨਊਟ ਜਾਂ ਮੈਟਿਸ ਸਮਝਦੇ। ਪਹਿਲਾਂ ਫ਼ਸਟ ਨੇਸ਼ਨ ਲੋਕਾਂ ਨੂੰ "ਇੰਡੀਅਨ" ਕਿਹਾ ਜਾਂਦਾ ਸੀ। ਕੈਨੇਡਾ ਵਿਚ 634 ਫ਼ਸ਼ਟ ਨੇਸ਼ਨਜ਼ ਹਨ ਅਤੇ 60 ਤੋਂ ਜ਼ਿਆਦਾ ਵੱਖ ਵੱਖ ਰਾਸ਼ਟਰ ਹਨ।

ਅੱਜ ਕਲ "ਇੰਡੀਅਨ" ਦੀ ਬਜਾਏ ਫ਼ਸਟ ਨੇਸ਼ਨਜ਼ ਸ਼ਬਦ ਪਰਵਾਨ ਕੀਤਾ ਜਾਂਦਾ ਹੈ ਇੰਡੀਅਨ ਨੂੰ ਅਪਮਾਨਜਨਕ ਅਤੇ ਬਸਤੀਵਾਦੀ ਸ਼ਬਦ ਸਮਝਿਆ ਜਾਂਦਾ ਹੈ"।

## ਸਵਦੇਸ਼ੀ Indigenous (n, adj.):

"ਕੈਨੇਡਾ ਵਿਚ ਸਵਦੇਸ਼ੀ ਸ਼ਬਦ ਵਧੇਰੇ ਵਰਤਿਆ ਜਾਂਦਾ ਹੈ। ਇਸ ਨੂੰ ਆਦੀਵਾਸੀ ਦੇ ਸਮਰੂਪ ਹੀ ਵਰਤਿਆ ਜਾਂਦਾ ਹੈ ਅਤੇ ਇਹੀ ਪਸੰਦ ਕੀਤਾ ਜਾਂਦਾ ਹੈ। ਸਵਦੇਸ਼ੀ ਅਤੇ ਆਦੀਵਾਸੀ ਦੋਨੋਂ ਸ਼ਬਦ ਫ਼ਸਟ ਨੇਸ਼ਨ, ਇਨਊਟ ਅਤੇ ਮੈਟਿਸ ਲਈ ਵਰਤੇ ਜਾਂਦੇ ਹਨ। ਇਹ ਨੋਟ ਕਰਨਾ ਬੜਾ ਜ਼ਰੂਰੀ ਹੈ ਕਿ ਇਨ੍ਹਾਂ ਸ਼ਬਦਾਂ ਲਈ ਰੀਜਨਲ ਅਤੇ ਵਿਅਕਤੀਗਤ ਪਸੰਦ ਹੋ ਸਕਦੀ ਹੈ"।

## ਇੰਡੀਅਨ Indian (n.; adj.), ਇੰਡੀਅਨ ਸਟੇਟਸ Indian status (n.):

"ਇੰਡੀਅਨ" ਸ਼ਬਦ ਦੀ ਵਰਤੋਂ ਠੀਕ ਨਹੀਂ। ਕੈਨੇਡਾ ਵਿਚ "ਇੰਡੀਅਨ" ਸ਼ਬਦ ਪੁਰਾਣਾ ਅਤੇ ਅਪਮਾਨਜਨਕ ਸਮਝਿਆ ਜਾਂਦਾ ਹੈ।

ਪਰ ਇਹ ਸ਼ਬਦ ਅਜੇ ਵੀ ਕਾਨੂੰਨੀ ਦਸਤਾਵੇਜ਼ਾਂ ਜਿਵੇਂ ਕਿ ਇੰਡੀਅਨ ਐਕਟ ਅਤੇ ਸੰਵਿਧਾਨ ਐਕਟ (1982) ਵਿਚ ਵਰਤਿਆ ਜਾ ਰਿਹਾ ਹੈ। ਇੰਡੀਅਨ ਐਕਟ ਅਧੀਨ "ਇੰਡੀਅਨ" ਸ਼ਬਦ ਫ਼ਸਟ ਨੇਸ਼ਨ ਰੁਤਬੇ ਵਾਲੇ ਵਿਅਕਤੀ ਲਈ ਵਰਤਿਆ ਜਾਂਦਾ ਹੈ। ਇੰਡੀਅਨ ਐਕਟ ਇਹ ਪਰਿਭਾਸ਼ਿਤ ਕਰਦਾ ਹੈ ਕਿ ਕੌਣ ਇੰਡੀਅਨ ਹੈ ਅਤੇ ਕੌਣ ਇੰਡੀਅਨ ਨਹੀਂ। ਰੁਤਬੇ ਵਾਲੇ ਵਿਅਕਤੀਆਂ ਕੋਲ ਕਾਰਡ ਹੁੰਦਾ ਹੈ ਜੋ "ਉਨ੍ਹਾਂ ਦੇ ਇੰਡੀਅਨ ਸਟੇਟਸ ਦੀ ਤਸਦੀਕ ਕਰਦਾ ਹੈ"।

## ਇੰਡੀਅਨ ਐਕਟ Indian Act (n.):

ਇੰਡੀਅਨ ਐਕਟ ਫ਼ਸਟ ਨੇਸ਼ਨ ਲੋਕਾਂ ਨੂੰ ਜਿੰਨੀ ਜਲਦੀ ਹੋ ਸਕੇ ਯੂਰਪੀਅਨ ਲੋਕਾਂ ਵਿਚ ਜਜ਼ਬ ਕਰਨ ਦੀ ਇੱਕ ਹੋਰ ਕੋਸ਼ਿਸ਼ ਸੀ। ਬ੍ਰਿਟਿਸ਼ ਨਾਰਥ ਅਮਰੀਕਾ ਐਕਟ (1867) ਦੀ ਧਾਰਾ 91(24) ਅਧੀਨ ਫੈਡਰਲ ਸਰਕਾਰ ਦੇ ਅਧਿਕਾਰ ਖੇਤਰ ਜਾਂ ਕੰਟਰੋਲ ਵਿਚ "ਇੰਡੀਅਨ ਅਤੇ ਇੰਡੀਅਨਾਂ ਲਈ ਰਿਜ਼ਰਵ ਜ਼ਮੀਨ" ਰੱਖ ਦਿੱਤੀ ਗਈ"।

## ਇਨਊਟ Inuit (n.; adj.):

"ਇਨਊਟ ਆਦੀਵਾਸੀ ਲੋਕਾਂ ਦਾ ਇੱਕ ਗਰੁੱਪ ਹੈ ਜੋ ਕੈਨੇਡਾ ਦੇ ਉੱਤਰੀ ਰੀਜਨ, ਗ੍ਰੀਨਲੈਂਡ ਅਤੇ ਅਲਾਸਕਾ ਵਿਚ ਰਹਿੰਦਾ ਹੈ। ਇਨਊਟ ਹਜ਼ਾਰਾਂ ਸਾਲ ਉੱਤਰੀ ਧਰੁਵ ਖੇਤਰ ਵਿਚ ਰਿਹਾ ਅਤੇ ਖੁਸ਼ਹਾਲ ਹੋਇਆ ਹੈ। ਆਪਣੇ ਜੀਵਨ ਲਈ ਇਨਊਟ ਲੋਕ ਰਵਾਇਤੀ ਤੌਰ ਤੇ ਜ਼ਮੀਨ ਦੇ ਸਰੋਤਾਂ, ਵ੍ਹੇਲ, ਸੀਲ, ਕਾਰੀਬੌ, ਮੱਛੀਆਂ ਅਤੇ ਪੰਛੀਆਂ ਦਾ ਸ਼ਿਕਾਰ ਕਰਦੇ ਸਨ। ਕਈ ਇਨਊਟ ਹਾਲੀ ਵੀ ਇਨ੍ਹਾਂ ਸਰੋਤਾਂ ਦਾ ਸ਼ਿਕਾਰ ਕਰਦੇ ਹਨ"।


*ਇਤਿਹਾਸਕ ਤੌਰ ਤੇ ਇਨਊਟਾਂ ਨੂੰ "ਐਸਕੀਮੋ" ਕਿਹਾ ਜਾਂਦਾ ਸੀ ਪਰ ਇਹ ਸ਼ਬਦ ਨਾ ਹੀ ਸਤਿਕਾਰਯੋਗ ਹੈ ਅਤੇ ਨਾ ਹੀ ਸਹੀ ਹੈ, ਅਤੇ ਇਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ"।

## ਜ਼ਮੀਨੀ ਦਾਅਵਾ Land claim (n.):

"ਕੈਨੇਡਾ ਦੀ ਸਰਕਾਰ ਮੌਜੂਦਾ ਸੰਧੀਆਂ ਨੂੰ ਸਰਕਾਰੀ ਤੌਰ ਤੇ ਜ਼ਮੀਨਾਂ ਦੇ ਵਿਆਪਕ ਦਾਅਵੇ ਮੰਨਦੀ ਹੈ"।

## ਜ਼ਬਾਨੀ ਪਰੰਪਰਾ Oral Tradition (n.):

"ਸਵਦੇਸ਼ੀ ਲੋਕ ਆਪਣੀਆਂ ਕਦਰਾਂ ਕੀਮਤਾਂ ਅਤੇ ਇਤਿਹਾਸ ਜ਼ਬਾਨੀ ਕਹਾਣੀਆਂ ਰਾਹੀਂ ਅਗਲੀਆਂ ਪੀੜ੍ਹੀਆਂ ਨੂੰ ਦੱਸੀ ਜਾਂਦੇ ਹਨ। ਜ਼ਬਾਨੀ ਇਤਿਹਾਸ ਅਤੇ ਕਹਾਣੀਆਂ ਨੂੰ ਇੱਕ ਪੀੜ੍ਹੀ ਤੋਂ ਦੂਜੀ ਤੱਕ ਪਹੁੰਚਾਇਆ ਜਾਂਦਾ ਹੈ ਜੋ ਸਵਦੇਸ਼ੀ ਪਹਿਚਾਣ ਅਤੇ ਸਭਿਆਚਾਰ ਦੀ ਸੁਰੱਖਿਆ ਲਈ ਜ਼ਰੂਰੀ ਹੈ। ਜਾਣਕਾਰੀ ਨੂੰ ਅਗਲੀਆਂ ਪੀੜ੍ਹੀਆਂ ਲਈ ਜਿੰਦਾ ਰੱਖਣ ਲਈ ਲੋਕੀਂ ਆਪਣੇ ਇਤਿਹਾਸ ਅਤੇ ਕਹਾਣੀਆਂ ਨੂੰ ਬਾਰ ਬਾਰ ਦੁਹਰਾਉਂਦੇ ਹਨ। ਇਹ ਭੂਮਿਕਾ ਭਾਈਚਾਰੇ ਵਿਚ ਅਕਸਰ ਕੁੱਝ ਖ਼ਾਸ ਲੋਕਾਂ ਦੀ ਹੁੰਦੀ ਹੈ ਜੋ ਜ਼ਬਾਨੀ ਇਤਿਹਾਸ ਨੂੰ ਯਾਦ ਕਰਦੇ ਹਨ। ਇਨ੍ਹਾਂ ਲੋਕਾਂ ਨੂੰ ਗਵਾਹ ਕਿਹਾ ਜਾਂਦਾ ਹੈ"।



## ਰਿਜ਼ਰਵ Reserve (n.):

"ਉਹ ਜ਼ਮੀਨ ਜਿਸ ਨੂੰ ਫ਼ੈਡਰਲ ਸਰਕਾਰ ਨੇ ਇੰਡੀਅਨ ਬੈਂਡ ਦੀ ਵਰਤੋਂ ਅਤੇ ਲਾਭ ਲਈ ਵੱਖਰਿਆਂ ਰੱਖ ਦਿੱਤਾ ਹੈ"।
ਸਾਰੇ ਸਵਦੇਸ਼ੀ ਲੋਕ ਰਿਜ਼ਰਵ ਤੇ ਨਹੀਂ ਰਹਿੰਦੇ। ਫ਼ਸਟ ਨੇਸ਼ਨ ਲੋਕ ਜੋ ਇੰਡੀਅਨ ਵਜੋਂ ਰਜਿਸਟਰਡ ਹਨ ਉਨ੍ਹਾਂ ਦੇ 2011 ਦੇ ਅੰਕੜੇ ਹੇਠ ਲਿਖੇ ਅਨੁਸਾਰ ਹਨ:

- 49.3% (637,660) ਕੈਨੇਡਾ ਦੇ ਰਿਜ਼ਰਵ ਵਿਚ ਰਹਿੰਦੇ ਹਨ
- ਕਿਊਬਿਕ ਵਿਚ 72% ਰਿਜ਼ਰਵ ਵਿਚ ਰਹਿੰਦੇ ਹਨ ਜੋ ਬਾਕੀ ਸੂਬਿਆਂ ਨਾਲੋਂ ਸਭ ਤੋਂ ਜ਼ਿਆਦਾ ਹੈ
- ਨਿਊ ਬਰੰਸਵਿਕ ਵਿਚ 68.8% ਰਿਜ਼ਰਵ ਵਿਚ ਰਹਿੰਦੇ ਹਨ
- ਨੋਵਾ ਸਕੋਟੀਆ ਵਿਚ 68% ਰਿਜ਼ਰਵ ਵਿਚ ਰਹਿੰਦੇ ਹਨ
- ਓਂਟਾਰੀਓ ਵਿਚ 37.0% ਰਿਜ਼ਰਵ ਵਿਚ ਰਹਿੰਦੇ ਹਨ
- ਨਿਊਫ਼ਾਊਂਡਲੈਂਡ ਅਤੇ ਲੈਬਰਾਡੋਰ ਵਿਚ 35.1% ਰਿਜ਼ਰਵ ਵਿਚ ਰਹਿੰਦੇ ਹਨ"

ਫ਼ਸਟ ਨੇਸ਼ਨ ਦੇ ਕਈ ਲੋਕ ਰਿਜ਼ਰਵ ਵਿਚ ਰਹਿਣਾ ਪਸੰਦ ਕਰਦੇ ਹਨ ਪਰ ਕਈ ਕਾਰਨਾਂ ਕਰ ਕੇ ਰਹਿ ਨਹੀਂ ਸਕਦੇ- ਉੱਥੇ ਕਾਫ਼ੀ ਘਰ ਨਹੀਂ, ਨੌਕਰੀ ਵਾਲੀ ਥਾਂ ਤੋਂ ਰਿਜ਼ਰਵ ਕਾਫ਼ੀ ਦੂਰ ਹਨ ਜਾਂ ਬੁਨਿਆਦੀ ਢਾਂਚਾ ਨਾਕਾਫ਼ੀ ਹੈ।

## ਸਵੈ-ਨਿਰਨਾ Self- Determination (n.):

"ਸਵਦੇਸ਼ੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਵਿਚ ਸਵੈ-ਨਿਰਨੇ ਦਾ ਅਧਿਕਾਰ ਸ਼ਾਮਲ ਹੈ। ਫ਼ਸਟ ਨੇਸ਼ਨਜ਼ ਦੀ ਅਸੈਂਬਲੀ ਸਵੈ-ਨਿਰਨੇ ਨੂੰ ਨੇਸ਼ਨ ਨੂੰ ਆਪਣੀ ਸਰਕਾਰ ਚੁਣਨ ਅਤੇ ਆਪਣੇ ਆਰਥਕ, ਸਮਾਜਿਕ ਅਤੇ ਸਭਿਆਚਾਰਕ ਵਿਕਾਸ ਬਾਰੇ ਫੈਸਲਾ ਕਰਨ ਦੇ ਹੱਕ ਵਜੋਂ ਵਰਣਨ ਕਰਦੀ ਹੈ। ਅਜ ਕੱਲ ਸਵਦੇਸ਼ੀ ਲੋਕ ਆਦੀਵਾਸੀ ਹੱਕਾਂ ਅਤੇ ਟਾਈਟਲ ਦੀ ਵਰਤੋਂ ਕਰ ਕੇ ਸਵੈ-ਨਿਰਨੇ ਅਤੇ ਇਸ ਧਰਤੀ ਜਿਸ ਨੂੰ ਕੈਨੇਡਾ ਕਹਿੰਦੇ ਹਨ ਉਸ ਦੇ ਸਰੋਤਾਂ ਅਤੇ ਦੌਲਤ ਦਾ ਲਾਭ ਲੈ ਰਹੇ ਹਨ"।

## ਸੈਟਲਰ-ਬਸਤੀਵਾਦ Settler-colonialism (n.):

ਪਹਿਲੇ, ਬਸਤੀਵਾਦੀ "ਠਹਿਰਨ ਲਈ ਆਏ": ਬਦਤੀਵਾਦੀ ਏਜੰਟਾਂ ਜਿਵੇਂ ਕਿ ਵਪਾਰੀਆਂ, ਸਿਪਾਹੀਆਂ ਜਾਂ ਗਵਰਨਰਾਂ ਤੋਂ ਉਲਟ ਸੈਟਲਰ ਬਸਤੀਵਾਦੀ ਧਰਤੀ ਤੇ ਪੱਕੀ ਤਰ੍ਹਾਂ ਵੱਸਣ ਅਤੇ ਸਵਦੇਸ਼ੀਆਂ ਤੇ ਆਪਣਾ ਰਾਜ ਕਾਇਮ ਕਰਨ ਦੀ ਇੱਛਾ ਨਾਲ ਆਉਂਦੇ ਹਨ।

ਦੂਜਾ, ਸੈਟਲਰ ਬਸਤੀਵਾਦੀਆਂ ਦਾ ਹਮਲਾ ਇੱਕ ਢਾਂਚਾ ਹੈ ਇਹ ਕੋਈ ਘਟਨਾ ਨਹੀਂ: ਇਹ ਬਸਤੀਵਾਦੀ ਬਾਸ਼ਿੰਦੇ ਸਵਦੇਸ਼ੀ ਅਬਾਦੀ ਨੂੰ ਖ਼ਤਮ ਕਰਨ ਅਤੇ ਉਨ੍ਹਾਂ ਦੀਆਂ ਜ਼ਮੀਨਾਂ ਤੇ ਆਪਣਾ ਰਾਜ ਅਤੇ ਕਬਜ਼ਾ ਕਰਨ ਲਈ ਯਤਨ ਜਾਰੀ ਰੱਖਦੇ ਹਨ। 2009 ਵਿਚ ਸਟੀਫਨ ਹਾਰਪਰ ਨੇ ਕਿਹਾ ਸੀ "ਕੈਨੇਡਾ ਵਿਚ ਬਸਤੀਵਾਦ ਦਾ ਕੋਈ ਇਤਿਹਾਸ ਨਹੀਂ।" ਇਸ ਬਿਆਨ ਦੀ ਵਿਆਪਕ ਤੌਰ ਤੇ ਆਲੋਚਨਾ ਹੋਈ ਕਿਉਂਕਿ 1) 2008 ਵਿਚ ਕੈਨੇਡੀਅਨ ਸਰਕਾਰ ਨੇ ਰਿਹਾਇਸ਼ੀ ਸਕੂਲਾਂ ਦੀ ਪ੍ਰਣਾਲੀ ਲਈ ਮੁਆਫ਼ੀ ਮੰਗੀ ਸੀ 2) ਬਸਤੀਵਾਦ ਕੈਨੇਡਾ ਵਿਚ ਹਾਲੀ ਵੀ ਜ਼ਿੰਦਾ ਹੈ ਅਤੇ ਚੱਲ ਰਿਹਾ ਹੈ। ਸਵਦੇਸ਼ੀ ਲੋਕ ਅੱਜ ਵੀ ਨਾਵਾਜਬ ਕਾਨੂੰਨਾਂ ਦੇ ਅਸਰ ਦਾ ਦੁੱਖ ਮਹਿਸੂਸ ਕਰ ਰਹੇ ਹਨ। ਬਸਤੀਵਾਦ ਤੋਂ ਬਾਅਦ ਦੀਆਂ ਧਾਰਨਾਵਾਂ ਦੇ ਬਾਵਜੂਦ ਬਸਤੀਵਾਦੀ ਬਾਸ਼ਿੰਦਿਆਂ ਦੀਆਂ ਸੁਸਾਇਟੀਆਂ ਰਾਜਨੀਤਕ ਸੱਤਾ ਮਿਲਣ ਤੇ ਬਸਤੀਵਾਦੀ ਪ੍ਰਕਿਰਿਆ ਤੋਂ ਨਹੀਂ ਰੁਕਦੀਆਂ।

ਤੀਜਾ, ਵੱਸਣ ਵਾਲਾ ਬਸਤੀਵਾਦ ਆਪਣੇ ਨਿਸ਼ਾਨੇ ਦੀ ਪੂਰਤੀ ਚਾਹੁੰਦਾ ਹੈ: ਹੋਰ ਕਿਸਮ ਦੇ ਬਸਤੀਵਾਦਾਂ ਜਿਨ੍ਹਾਂ ਦਾ ਨਿਸ਼ਾਨਾ ਬਸਤੀਵਾਦ ਦੇ ਢਾਂਚੇ ਨੂੰ ਕਾਇਮ ਰੱਖਣਾ ਅਤੇ ਬਸਤੀਵਾਦੀ ਲੋਕਾਂ ਅਤੇ ਸਵਦੇਸ਼ੀਆਂ ਵਿਚਕਾਰ ਅਸੰਤੁਲਨ ਬਣਾਈ ਰੱਖਣਾ ਹੁੰਦਾ ਹੈ, ਇਸ ਦੇ ਉਲਟ ਵੱਸਣ ਵਾਲੇ ਬਸਤੀਵਾਦ ਵਿਚ ਵੱਸਣ ਵਾਲਿਆਂ ਦੀ ਸਰਵਉੱਚ ਅਤੇ ਨਿਰਵਿਵਾਦ ਹਸਤੀ ਕਾਇਮ ਕਰ ਕੇ ਬਸਤੀਵਾਦ ਦੇ ਵਿਤਕਰੇ ਨੂੰ ਖ਼ਤਮ ਕਰਨਾ ਹੈ। ਇਹ ਕੋਈ ਬਸਤੀਵਾਦ ਖ਼ਤਮ ਕਰਨ ਦੀ ਮੁਹਿੰਮ ਨਹੀਂ ਬਲਕਿ ਸਵਦੇਸ਼ੀ ਲੋਕਾਂ ਵੱਲੋਂ ਆਪਣੀਆਂ ਜ਼ਮੀਨਾਂ ਤੇ ਹੱਕ ਜਿਹੀਆਂ ਨਵੇਂ ਵਸੇ ਲੋਕਾਂ ਲਈ ਪੈਦਾ ਕੀਤੀਆਂ ਚੁਨੌਤੀਆਂ ਨੂੰ ਖ਼ਤਮ ਕਰਨ ਦੇ ਉਪਰਾਲੇ ਵਜੋਂ ਸਵਦੇਸ਼ੀ ਲੋਕਾਂ ਨੂੰ ਹੀ ਖ਼ਤਮ ਕਰਨ ਅਤੇ ਝੂਠੇ ਦਾਅਵਿਆਂ ਦੇ ਅਧਾਰ ਤੇ ਨਵੇਂ ਵਸੇ ਲੋਕਾਂ ਦਾ ਪੱਖ ਪੂਰਨਾ ਹੈ

## ਸਟੇਟਸ ਅਤੇ ਨਾਨ-ਸਟੇਟਸ ਇੰਡੀਅਨ: Status and Non-Status Indians (n.):

"ਸਟੇਟਸ ਇੰਡੀਅਨ" (ਜਾਂ "ਰਜਿਸਟਰਡ ਇੰਡੀਅਨ") ਉਹ ਵਿਅਕਤੀ ਹੈ ਜਿਸ ਨੂੰ ਫ਼ੈਡਰਲ ਸਰਕਾਰ ਨੇ ਇੰਡੀਅਨ ਐਕਟ ਅਧੀਨ "ਇੰਡੀਅਨ" ਰਜਿਸਟਰ ਹੋਣ ਦਾ ਹੱਕਦਾਰ ਮੰਨਿਆ ਹੈ।

"ਨਾਨ-ਸਟੇਟਸ ਇੰਡੀਅਨ" ਉਹ ਵਿਅਕਤੀ ਹਨ ਜੋ ਆਪਣੀ ਪਛਾਣ ਫ਼ਸਟ ਨੇਸ਼ਨ (ਇੰਡੀਅਨ) ਵਜੋਂ ਦੱਸਦੇ ਹਨ ਪਰ ਉਹ ਇੰਡੀਅਨ ਐਕਟ ਅਨੁਸਾਰ ਇੰਡੀਅਨ ਰਜਿਸਟਰ ਵਿਚ ਰਜਿਸਟਰੇਸ਼ਨ ਦੇ ਹੱਕਦਾਰ ਨਹੀਂ। ਕਈਆਂ ਦੀ ਫ਼ਸਟ ਨੇਸ਼ਨ ਵਿਚ ਮੈਂਬਰਸ਼ਿਪ ਵੀ ਹੋ ਸਕਦੀ ਹੈ।

## ਪ੍ਰਭੂਸੱਤਾ Sovereignty (n.):

"ਇਤਿਹਾਸਕ ਤੌਰ ਤੇ, ਫ਼ਸਟ ਨੇਸ਼ਨਜ਼ ਆਪਣੀਆਂ ਜ਼ਮੀਨਾਂ ਅਤੇ ਸਰੋਤਾਂ ਦਾ ਪ੍ਰਬੰਧ ਆਪਣੀ ਸਰਕਾਰ, ਆਪਣੇ ਕਾਨੂੰਨਾਂ, ਨੀਤੀਆਂ ਅਤੇ ਰੀਤੀ ਰਿਵਾਜਾਂ ਅਨੁਸਾਰ ਕਰਦੇ ਹਨ। ਇਨ੍ਹਾਂ ਦੀਆਂ ਸੁਸਾਇਟੀਆਂ ਬੜੀਆਂ ਪੇਚੀਦਾ ਹੁੰਦੀਆਂ ਹਨ ਜਿਨ੍ਹਾਂ ਵਿਚ ਵਪਾਰ, ਵਣਜ, ਸਬੰਧ ਬਣਾਉਣੇ, ਸਰੋਤਾਂ ਦਾ ਪ੍ਰਬੰਧ ਕਰਨਾ ਅਤੇ ਅਧਿਆਤਮਿਕਤਾ ਸ਼ਾਮਲ ਹਨ"।

## ਸੰਧੀਆਂ Treaties (n.):

ਸ਼ੁਰੂ ਵਿਚ ਬਾਹਰੋਂ ਆ ਕੇ ਵੱਸਣ ਵਾਲੇ ਲੋਕਾਂ ਨੇ "ਸਵਦੇਸ਼ੀਆਂ ਦੀਆਂ ਜ਼ਮੀਨਾਂ ਦੇ ਟਾਈਟਲ ਅਤੇ ਕੰਟਰੋਲ ਨੂੰ ਨਾਨ-ਇੰਡੀਅਨ ਲੋਕਾਂ ਅਤੇ ਸਰਕਾਰ ਦੇ ਹੱਕ ਵਿਚ ਤਬਦੀਲ ਕਰਨ ਲਈ ਸੰਧੀਆਂ ਨੂੰ ਇੱਕ ਜ਼ਰੀਆ ਸਮਝਿਆ"।

"ਫ਼ਸਟ ਨੇਸ਼ਨ ਨਾਲ ਸੰਧੀਆਂ ਕਰਨ ਸਮੇਂ ਬਰਤਾਨਵੀ ਸਰਕਾਰ ਕੈਨੇਡੀਅਨ ਸਰਕਾਰ ਦਾ ਅਨੁਸਰਨ ਕੀਤਾ (1867 ਤੋਂ ਬਾਅਦ) ਨੇ ਇਨ੍ਹਾਂ ਸੰਧੀਆਂ ਨੂੰ ਸਾਰੀਆਂ ਸੰਪਤੀਆਂ ਦੇ ਟਾਈਟਲ ਕਰਾਉਨ ਨੂੰ ਪੂਰੀ ਤਰ੍ਹਾਂ ਤਬਦੀਲ ਹੋਇਆ ਹੀ ਸਮਝਿਆ"।

"ਸੰਧੀ ਤੇ ਦਸਖ਼ਤ ਕਰਨ ਸਮੇਂ ਫ਼ਸਟ ਨੇਸ਼ਨ ਆਪਣੇ ਆਪ ਨੂੰ ਬਰਾਬਰ ਦਾ ਭਾਈਵਾਲ ਦੇਖਦੀ ਅਤੇ ਸਮਝਦੀ ਸੀ ਕਿ ਸੰਧੀ ਅਧੀਨ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਜਿਊਣ ਦਾ ਅਤੇ ਰਵਾਇਤੀ ਇਲਾਕਿਆਂ ਤੇ ਰਹਿਣ ਦਾ ਪੂਰਾ ਹੱਕ ਹੋਵੇਗਾ"।

## ਟੈਰਾ ਨੂਲਿਸ Terra Nullius (n.):

"ਯੂਰਪੀਅਨ ਨਕਸ਼ਾ ਨਵੀਸਾਂ ਨੇ ਜਿਨ੍ਹਾਂ ਥਾਂਵਾਂ ਦਾ ਸਰਵੇ ਨਹੀਂ ਸੀ ਹੋਇਆ ਐਸੀਆਂ ਅਣਖੋਜੀਆਂ ਥਾਂਵਾਂ ਨੂੰ ਇਹ ਲਿਖਣ ਦੀ ਬਜਾਏ ਕਿ ਹਾਲੀ ਸਰਵੇ ਨਹੀਂ ਕੀਤਾ ਨਕਸ਼ਿਆਂ ਵਿਚ ਖਾਲੀ ਜਗ੍ਹਾ ਵਿਖਾਇਆ ਜਿੱਥੇ ਵਸੋਂ ਹੋਣ ਵਾਲੀ ਹੈ।

ਜਦੋਂ ਯੂਰਪੀਅਨ ਲੋਕ ਉੱਤਰੀ ਅਮਰੀਕਾ ਵਿਚ ਆਏ ਉਨ੍ਹਾਂ ਨੇ ਐਸੀਆਂ ਖਾਲੀ ਜਗ੍ਹਾਂ ਨੂੰ ਟੈਰਾ ਨੂਲਿਸ (ਜਿਸ ਦਾ ਕੋਈ ਮਾਲਕ ਨਹੀਂ) ਸਮਝ ਲਿਆ। ਉਨ੍ਹਾਂ ਨੇ ਇਸ ਤੱਥ ਨੂੰ ਨਜ਼ਰਅੰਦਾਜ਼ ਹੀ ਕਰ ਦਿੱਤਾ ਕਿ ਸਵਦੇਸ਼ੀ ਲੋਕ ਆਪਣੇ ਸਭਿਆਚਾਰ ਅਤੇ ਰਵਾਇਤਾਂ ਅਨੁਸਾਰ ਇਨ੍ਹਾਂ ਜ਼ਮੀਨਾਂ ਤੇ ਪਿਛਲੇ ਕਈ ਹਜ਼ਾਰਾਂ ਸਾਲਾਂ ਤੋਂ ਵਸੇ ਹੋਏ ਹਨ। ਨਵੇਂ ਆਏ ਲੋਕਾਂ ਲਈ ਇਹ ਜ਼ਮੀਨ ਉਨ੍ਹਾਂ ਦੀ ਸੀ ਜੋ ਬਸਤੀਆਂ ਬਣਾਉਣ ਲਈ ਉਪਲਬਧ ਸੀ। ਜਿਵੇਂ ਜਿਵੇਂ ਸਮਾਂ ਬੀਤਦਾ ਗਿਆ ਨਵੇਂ ਆਏ ਲੋਕਾਂ ਨੇ ਉਨ੍ਹਾਂ ਜ਼ਮੀਨਾਂ ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ ਜੋ ਸਵਦੇਸ਼ੀ ਲੋਕਾਂ ਦੀ ਰਵਾਇਤੀ ਧਰਤੀ ਸੀ ਜੋ ਉਨ੍ਹਾਂ ਨੇ ਨਵੇਂ ਆਏ ਲੋਕਾਂ ਤੋਂ ਹਜ਼ਾਰਾਂ ਸਾਲ ਪਹਿਲਾਂ ਆ ਕੇ ਵਸਾਈ ਸੀ"।

## ਰਵਾਇਤੀ ਇਲਾਕਾ Traditional territory (n.):

ਉਹ ਧਰਤੀ ਜਿਸ ਤੇ ਫ਼ਸਟ ਨੇਸ਼ਨ ਦੇ ਲੋਕ ਮੁੱਢ ਕਦੀਮ ਤੋਂ ਰਹਿ ਰਹੇ ਹਨ ਅਤੇ ਜਿਸ ਦੀ ਵਰਤੋਂ ਕਰ ਰਹੇ ਹਨ। ਉਨ੍ਹਾਂ ਦਾ ਮੁੱਢਲਾ ਅਤੇ ਪਵਿੱਤਰ ਸਭਿਆਚਾਰਕ ਅਤੇ ਆਰਥਕ ਸਬੰਧ ਇਸ ਧਰਤੀ ਨਾਲ ਹੈ। ਫ਼ਸਟ ਨੇਸ਼ਨ ਦਾ ਉਹ ਭੂਗੋਲਿਕ ਇਲਾਕਾ ਜਿਸ ਇਲਾਕੇ ਤੇ ਉਹ ਅਤੇ/ਜਾਂ ਉਨ੍ਹਾਂ ਦੇ ਪੂਰਵਜ ਰਵਾਇਤੀ ਤੌਰ ਤੇ ਕਾਬਜ਼ ਹੋਏ ਅਤੇ ਵਰਤਿਆ। ਅਕਸਰ ਇਸ ਇਲਾਕੇ ਦਾ ਕੁੱਝ ਹਿੱਸਾ ਗਵਾਂਢੀ ਨੇਸ਼ਨਜ਼ ਨਾਲ ਸਾਂਝਾ ਹੁੰਦਾ ਸੀ"।

# ਕਹਾਣੀਆਂ ਧਰਤੀ ਪੁੱਤਰਾਂ ਦੀਆਂ

# Stories from the Land-Based Nations



## ਹਾਰਲੇ ਚੈਪਲ ਸੇਮੀਆਮੂਹ ਫ਼ਸਟ ਨੇਸ਼ਨ ਦਾ ਮੁਖੀ

## Chief Harley Chappell of Semiahmoo First Nation

ਸ਼ੁੱਭ ਦਿਨ। ਮੇਰਾ ਰਵਾਇਤੀ ਨਾਮ ਜ਼ੋਪੋਕਟਨ ਹੈ ਅਤੇ ਅੰਗਰੇਜ਼ੀ ਨਾਮ ਹਾਰਲੇ ਚੈਪਲ ਹੈ। ਮੈਂ ਸੇਮੀਆਮੂਹ ਫ਼ਸਟ ਨੇਸ਼ਨ (ਸਾਡਾ ਰਵਾਇਤੀ ਇਲਾਕਾ ਜਿੱਥੇ ਸਰੀ ਵਸਿਆ ਹੈ) ਦਾ ਚੁਣਿਆ ਹੋਇਆ ਮੁਖੀ ਹਾਂ। ਜਦੋਂ ਅਸੀਂ ਸੇਮੀਮੂਹ ਨਾਲ ਪਹਿਲੇ ਸੰਪਰਕ ਤੋਂ ਪਹਿਲਾਂ ਦੀ ਗਲ ਕਰਦੇ ਹਾਂ ਤਾਂ ਸਾਨੂੰ ਇਸ ਦਾ ਸੰਦਰਭ ਸਮਝਣਾ ਚਾਹੀਦਾ ਹੈ। ਜਦੋਂ ਅਸੀਂ ਹੜ੍ਹ ਵਾਲੀ ਕਹਾਣੀ ਸੁਣਾਉਂਦੇ ਹਾਂ, ਤਾਂ ਇਹ ਸਾਡੀ ਉਤਪਤੀ ਦੀ ਕਹਾਣੀ ਨਹੀਂ ਕਿਉਂਕਿ ਉਤਪਤੀ ਹੜ੍ਹ ਵਾਲੀ ਕਹਾਣੀ ਤੋਂ ਬਹੁਤ ਪਹਿਲਾਂ ਦੀ ਹੈ। ਅਸੀਂ ਆਪਣੇ ਆਪ ਨੂੰ ਜ਼ਲਕਟਮੁਸ਼ ਲੋਕ (Xlactumush people) ਜਿਸ ਦਾ ਮਤਲਬ ਹੈ “ਵੱਡੇ ਹੜ੍ਹ ਵਿਚੋਂ ਬਚੇ ਲੋਕ” ਕਹਿੰਦੇ ਹਾਂ। ਮੈਂ ਅੰਗਰੇਜ਼ੀ ਦੇ ਸ਼ਬਦ (ਸਟੋਰੀ) “ਕਹਾਣੀ” ਤੋਂ ਸ਼ੁਰੂ ਕਰਾਂਗਾ। ਜਦੋਂ ਅਸੀਂ ਸਟੋਰੀ ਕਹਿੰਦੇ ਹਾਂ ਤਾਂ ਇਸ ਬਾਰੇ ਬੜਾ ਭੁਲੇਖਾ ਜਾਂ ਗਲਤਫਹਿਮੀ ਹੈ ਕਿ ਸ਼ਾਇਦ ਸਾਡੀਆਂ ਕਹਾਣੀਆਂ ਕਾਲਪਨਿਕ ਹਨ। ਪਰ ਅਸੀਂ ਉਨ੍ਹਾਂ ਨੂੰ ਜ਼ੋਲ ਜ਼ੋਲ (ਮੌਖਿਕ ਪਰੰਪਰਾ) ਕਹਿੰਦੇ ਹਾਂ। ਜ਼ੋਲ ਜ਼ੋਲ ਸਾਡਾ ਪ੍ਰਾਚੀਨ ਇਤਿਹਾਸ ਹੈ ਜੋ ਪੀੜ੍ਹੀ ਦਰ ਪੀੜ੍ਹੀ ਮੌਖਿਕ ਪਰੰਪਰਾ ਨਾਲ ਚੱਲਿਆ ਆ ਰਿਹਾ ਹੈ।

ਇਹ ਕਹਾਣੀਆਂ ਨਹੀਂ। ਅਸੀਂ ਸੇਮੀਆਮੂਹ ਲੋਕ ਜਦੋਂ ਆਪਣੇ ਪ੍ਰਾਚੀਨ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਅਸੀਂ ਹੜ੍ਹ ਤੋਂ ਵੀ ਕੁੱਝ ਪਹਿਲਾਂ ਦੇ ਸਮੇਂ ਵਿਚ ਚਲੇ ਜਾਂਦੇ ਹਾਂ। ਸਾਡੀ ਇੱਕ ਮੌਖਿਕ ਪਰੰਪਰਾ ਹੈ, ਮੌਖਿਕ ਇਤਿਹਾਸ ਹੈ ਜਦੋਂ ਦੁਨੀਆ ਬਿਲਕੁਲ ਹੋਰ ਹੀ ਸੀ। ਇਹ ਸਮਾਂ ਸੀ ਜਦੋਂ ਇਨਸਾਨ, ਪਸ਼ੂ ਪੰਛੀ ਅਤੇ ਕੁਦਰਤ ਇੱਕ ਦੂਜੇ ਨਾਲ ਜੁੜੇ ਹੋਏ ਸਨ।

ਮੈਂ ਇੱਕ ਵਾਰ ਇੱਕ ਗਰੁੱਪ ਨਾਲ ਕੰਮ ਕਰ ਰਿਹਾ ਸੀ ਅਤੇ ਕਿਸੇ ਨੇ ਮੈਨੂੰ ਕਿਹਾ, “ਕੀ ਤੈਨੂੰ ਪਤਾ ਹੈ ਤੂੰ ਬਹੁਤ ਸੁੰਦਰ ਵਿਅਕਤੀ ਲੱਗਦਾ ਹੈਂ, ਤੈਨੂੰ ਇਸ ਤੇ ਕਿੰਨਾ ਵਿਸ਼ਵਾਸ ਹੈ”? ਮੇਰਾ ਜਵਾਬ ਇਹ ਸੀ: ਮੈਂ ਉਸ ਇਨਸਾਨ ਨੂੰ ਪੁੱਛਿਆ, “ਕੀ ਤੂੰ ਆਪਣੇ ਦਾਦਾ ਦਾਦੀ ਨੂੰ ਪਿਆਰ ਕਰਦਾ ਹੈਂ”? ਅਤੇ ਉਸ ਨੇ ਕਿਹਾ “ਹਾਂ!”। ਮੈਂ ਕਿਹਾ, “ਕੀ ਤੇਰੇ ਦਾਦਾ ਦਾਦੀ ਤੇਰੇ ਨਾਲ ਝੂਠ ਬੋਲਣਗੇ ਅਤੇ ਤੈਨੂੰ ਗ਼ਲਤ ਰਸਤੇ ਪਾਉਣਗੇ”? ਜਵਾਬ ਸੀ “ਬਿਲਕੁਲ ਨਹੀਂ”। ਮੈਂ ਉਨ੍ਹਾਂ ਨਾਲ ਸਹਿਮਤੀ ਪਰਗਟ ਕੀਤੀ। ਅਤੇ ਕਿਹਾ ਕਿ “ਮੈਂ ਇਹ ਵਿਸ਼ਵਾਸ ਨਹੀਂ ਕਰ ਸਕਦਾ ਕਿ ਸਾਡੇ ਪੂਰਵਜਾਂ ਨੇ ਸਾਡੇ ਨਾਲ ਝੂਠ ਜਾਂ ਫ਼ਰੇਬ ਕੀਤਾ ਹੋਵੇਗਾ”।

ਸਾਡੀ ਮੌਖਿਕ ਪਰੰਪਰਾ ਨੇ ਸਾਡੇ ਇਤਿਹਾਸ, ਸਾਡੇ ਰੀਤੀ ਰਿਵਾਜਾਂ, ਸਾਡੀ ਕਾਰਜ ਪ੍ਰਣਾਲੀ ਅਤੇ ਸ਼ਿਸ਼ਟਾਚਾਰ ਨੂੰ ਸਮਾਰੋਹਾਂ ਰਾਹੀਂ ਸਾਡੀ ਧਰਤੀ, ਸਾਡੇ ਇਲਾਕੇ ਅਤੇ ਪੁਰਾਣਿਆਂ ਸਮਿਆਂ ਨਾਲ ਸਾਡਾ ਸਬੰਧ ਜੋੜਿਆ ਹੈ। ਇੱਕ ਨੌਜਵਾਨ ਨੇਤਾ ਵਜੋਂ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਨੂੰ ਵਿਸ਼ਵਾਸ ਹੋਣਾ ਚਾਹੀਦਾ ਹੈ, ਸਾਨੂੰ ਆਪਣੇ ਇਤਿਹਾਸ ਨੂੰ ਸਵੀਕਾਰ ਕਰਨਾ ਅਤੇ ਸਮਝਣਾ ਚਾਹੀਦਾ ਹੈ। ਨਹੀਂ ਤਾਂ ਇੱਕ ਸਾਦੇ ਵਾਕ ਵਾਂਗ, “ਜੇ ਤੁਹਾਨੂੰ ਇਹ ਹੀ ਪਤਾ ਨਹੀਂ ਕਿ ਤੁਸੀਂ ਕਿੱਥੋਂ ਆਏ ਹੋ ਤਾਂ ਤੁਹਾਨੂੰ ਇਹ ਕਦੀ ਵੀ ਪਤਾ ਨਹੀਂ ਲੱਗੇਗਾ ਕਿ ਤੁਸੀਂ ਕਿੱਥੇ ਜਾਣਾ ਹੈ”।

ਜਦੋਂ ਅਸੀਂ ਆਪਣੀ ਸ਼ੁਰੂਆਤ ਅਤੇ ਸਾਡਾ ਕੁਦਰਤ, ਪਸ਼ੂ, ਪੰਛੀਆਂ ਅਤੇ ਸਮੁੰਦਰੀ ਜੀਵਾਂ ਨਾਲ ਆਪਣੇ ਸਬੰਧਾਂ ਬਾਰੇ ਗਲ ਕਰਦੇ ਹਾਂ ਤਾਂ ਸਾਨੂੰ ਆਪਣੀ ਹੋਂਦ ਮਹਿਸੂਸ ਹੁੰਦੀ ਹੈ ਕਿ ਅਸੀਂ “ਸੇਮੀਆਮੂਹ” ਲੋਕ ਕੌਣ ਹਾਂ। ਸੇਮੀਆਮੂਹ ਦੇ ਅਰਥ ਹਨ “ਲੋਕਾਂ ਦੀ ਜਗ੍ਹਾ”। ਅਸੀਂ ਜ਼ੇਲਮਕਸ (Xwelmux) (ਧਰਤੀ ਪੁੱਤਰ) ਹਾਂ। ਇਸ ਲਈ ਜਦੋਂ ਅਸੀਂ ਕਹਿੰਦੇ ਹਾਂ ਸੇਮੀਆਮੂਹ ਅਤੇ ਜ਼ੇਲਮਕਸ (ਧਰਤੀ ਪੁੱਤਰ)- ਤਾਂ ਅਸੀਂ ਸਮਝਦੇ ਹਾਂ ਕਿ ਅਸੀਂ ਕੌਣ ਹਾਂ ਅਤੇ ਕਿੱਥੋਂ ਆਏ ਹਾਂ।

ਆਦੀਵਾਸੀ ਹੋਣ ਦੇ ਨਾਤੇ ਸਾਨੂੰ ਆਪਣੀ ਬੁਨਿਆਦੀ ਪ੍ਰਣਾਲੀ ਸਮਝਣੀ ਚਾਹੀਦੀ ਹੈ। ਸਾਨੂੰ ਕੁੱਝ ਪਿੱਛੇ ਜਾ ਕੇ...ਸਵਦੇਸ਼ੀ ਅਤੇ ਪੱਛਮੀ ਸਭਿਅਤਾ ਦਾ ਦੁਨੀਆ ਪ੍ਰਤੀ ਦ੍ਰਿਸ਼ਟੀਕੋਣ ਵਿਚਕਾਰ ਫ਼ਰਕਾਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਇਸ ਸਮੇਂ ਸਾਡੀ ਮੁੱਖ ਚੁਨੌਤੀ ਦੁਨੀਆ ਪ੍ਰਤੀ ਆਦੀਵਾਸੀ ਅਤੇ ਪੱਛਮੀ ਦ੍ਰਿਸ਼ਟੀਕੋਣ ਵਿਚ ਫ਼ਰਕ ਬਾਰੇ ਹੈ ਖ਼ਾਸ ਕਰ ਜਦੋਂ ਧਰਤੀ, ਪਾਣੀਆਂ ਅਤੇ ਜ਼ਮੀਨਾਂ ਦੀ ਸੁਰੱਖਿਆ ਅਤੇ ਜ਼ਮੀਨ ਅਤੇ ਸਰੋਤਾਂ ਦੀ ਖਪਤ ਕਿਉਂ ਅਤੇ ਕਿਵੇਂ ਕੀਤੀ ਜਾਏ।

> **“ਜੇ ਤੁਹਾਨੂੰ ਇਹ ਹੀ ਪਤਾ ਨਹੀਂ ਕਿ ਤੁਸੀਂ ਕਿੱਥੋਂ ਆਏ ਹੋ ਤਾਂ ਤੁਹਾਨੂੰ ਇਹ ਕਦੀ ਵੀ ਪਤਾ ਨਹੀਂ ਲੱਗੇਗਾ ਕਿ ਤੁਸੀਂ ਕਿੱਥੇ ਜਾਣਾ ਹੈ”**



ਜ਼ੋਪੋਕਟਨ ਮੁਖੀ ਹਾਰਲੇ ਚੈਪਲ Xopocton, Chief Harley Chappell



ਮੁਖੀ ਮੈਰੀਲਿਨ ਗੈਬਰੀਲ Chief Marilyn Gabriel

## ਕਵਾਂਟਲੇਨ ਫ਼ਸਟ ਨੇਸ਼ਨ ਦੀ ਮੁਖੀ ਮੈਰੀਲਿਨ ਗੈਬਰੀਲ

## Chief Marilyn Gabriel of Kwantlen First Nation

ਕਵਾਂਟਲੇਨ ਇਲਾਕੇ ਵਿਚ 10,000 ਲੋਕ ਸਨ। ਚੇਚਕ ਅਤੇ ਹੋਰ ਤਬਾਹੀ ਤੋਂ ਬਾਅਦ ਕਵਾਂਟਲੇਨ ਦੀ ਅਬਾਦੀ ਘਟ ਕੇ 69 ਲੋਕ ਰਹਿ ਗਈ। ਇਸ ਵਕਤ ਕਵਾਂਟਲੇਨ ਵਿਚ 310 ਲੋਕ ਹਨ। ਅਸੀਂ ਹੋਰ ਲੋਕਾਂ ਨੂੰ ਬਹਾਲ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਸਾਡਾ ਇੱਕ ਬਜ਼ੁਰਗ ਸਾਡੇ ਲੋਕਾਂ ਦਾ ਸਟੇਟਸ ਵਾਪਸ ਲੈਣ ਅਤੇ ਉਨ੍ਹਾਂ ਦੇ ਵਾਪਸ ਘਰ ਆਉਣ ਲਈ ਜੱਦੋ-ਜਹਿਦ ਕਰ ਰਿਹਾ ਹੈ। ਇਹ ਸਾਡੇ ਲੋਕਾਂ ਦਾ ਕਸੂਰ ਨਹੀਂ ਕਿ ਉਹ ਘਰ ਨਹੀਂ ਰਹਿ ਸਕਦੇ। ਅਸੀਂ ਹਰ ਇੱਕ ਦਾ ਖੁੱਲ੍ਹੇ ਦਿਲੋਂ, ਖੁੱਲ੍ਹੇ ਮਨ ਅਤੇ ਖੁੱਲ੍ਹੇ ਦਿਮਾਗ਼ ਨਾਲ ਸਵਾਗਤ ਕਰਦੇ ਹਾਂ। ਮੇਰੇ ਸਵਰਗੀ ਪਿਤਾ ਨੇ ਮੈਨੂੰ 11 ਜੂਨ 1993 ਮੇਰੀ ਬੇਟੀ ਦੇ ਜਨਮ ਦਿਨ ਵਾਲੇ ਦਿਨ ਮੁਖੀ ਨਿਯੁਕਤ ਕਰ ਦਿੱਤਾ ਸੀ। ਖੇਡ ਦੇ ਮੈਦਾਨ ਵਿਚ ਕਾਫੀ ਭੀੜ ਸੀ। ਉਹ ਮੇਰੇ ਪਿਤਾ ਨੂੰ ਗ੍ਰੈਂਡ ਚੀਫ਼ ਬਣਾ ਰਹੇ ਸਨ, ਗ੍ਰੈਂਡ ਚੀਫ਼ ਜੋਏ ਗੈਬਰੀਲ। ਉਨ੍ਹਾਂ ਬਹੁਤ ਵੱਡਾ ਇਕੱਠ ਕੀਤਾ ਅਤੇ ਮੇਰੇ ਪਿਤਾ ਦੀ ਸਿਹਤ ਠੀਕ ਨਹੀਂ ਸੀ। ਉਹ ਕੁੱਝ ਸਮੇਂ ਤੋਂ ਠੀਕ ਨਹੀਂ ਸਨ। ਪਰ ਉਨ੍ਹਾਂ ਨੇ ਕਿਹਾ “ਤੂੰ ਮੇਰੇ ਨਾਲ ਚੱਲ ਅਤੇ ਤੇਰੇ ਲਈ ਵੀ ਕੰਮ ਕਰਨ ਨੂੰ ਹੈ”। ਉਸ ਦਿਨ ਤੋਂ ਹਰ ਰੋਜ਼ ਭਾਈਚਾਰੇ ਦੇ ਮੁਖੀ ਵਜੋਂ ਕੰਮ ਕਰਨਾ ਬਹੁਤ ਔਖਾ ਹੈ। ਕਦੇ ਕਦੇ ਇਹ ਚੰਗਾ ਨਹੀਂ ਲੱਗਦਾ।

ਮੈਂ ਆਪਣੇ ਪਿਤਾ ਨੂੰ ਵ੍ਹੀਲਚੇਅਰ ਵਿਚ ਬਿਠਾ ਕੇ ਹੇਠਾਂ ਨੂੰ ਖੇਡ ਮੈਦਾਨ ਵੱਲ ਧੱਕ ਰਹੀ ਸੀ। ਮੈਦਾਨ ਵਿਚ ਪਹੁੰਚਣ ਤੋਂ ਕੁੱਝ ਪਹਿਲਾਂ ਮੇਰੇ ਪਿਤਾ ਜੀ ਨੇ ਮੈਨੂੰ ਦੱਸਿਆ “ਇਹ ਤੂੰ ਬਣ ਰਹੀ ਹੈਂ”।{ਮੈਂ ਚੀਫ਼ ਬਣ ਰਹੀ ਹਾਂ।}

ਮੈਂ ਹੈਰਾਨੀ ਵਿਚ ਕਿਹਾ “ਕੀ?!”

“ਮੁਖੀ” ਜਾਂ “ਲੀਡਰ” ਕੋਈ ਚੰਗਾ ਸ਼ਬਦ ਨਹੀਂ ਸੀ। ਇਹ ਇੱਕ ਕਿਸਮ ਦੀ ਗਾਲ੍ਹ ਸੀ। ਅਸੀਂ ਕੌਣ ਹਾਂ ਸਾਨੂੰ ਆਪਣੇ ਆਪ ਤੇ ਕੋਈ ਮਾਨ ਨਹੀਂ ਸੀ। ਕੋਈ ਵੀ ਚੀਫ਼ ਨਹੀਂ ਸੀ ਬਣਨਾ ਚਾਹੁੰਦਾ, ਇਹ ਇੱਕ ਗਰਮ ਆਲੂ ਵਾਂਗ ਇੱਕ ਦੂਜੇ ਵੱਲ ਘੁਮਾਇਆ ਜਾਂਦਾ ਸੀ!

ਮੈਂ 9 ਬੱਚਿਆਂ ਵਿਚੋਂ ਵਿਚਕਾਰਲਾ ਬੱਚਾ ਹਾਂ। ਜਦੋਂ ਮੈਂ ਪਿਤਾ ਜੀ ਨੂੰ ਹੇਠਾਂ ਵੱਲ ਧੱਕ ਰਹੀ ਸੀ ਮੈਂ ਕਿਹਾ “ਪਿਤਾ ਜੀ ਤੁਸੀਂ ਇਹ ਨਹੀਂ ਕਰ ਸਕਦੇ ਤੁਸੀਂ ਇਹ ਜ਼ਿੰਮੇਵਾਰੀ ਮੇਰੇ ਕਿਸੇ ਹੋਰ ਭੈਣ-ਭਰਾ ਨੂੰ ਦੇ ਸਕਦੇ ਹੋ”। ਉਨ੍ਹਾਂ ਨੇ ਕਿਹਾ, “ ਚੁੱਪ ਕਰ ਅਤੇ ਮੈਨੂੰ ਥੱਲੇ ਪਾਰਕ ਵਿਚ ਲੈ ਚੱਲ, ਮੈਂ ਤੈਨੂੰ ਚੁਣਿਆ ਹੈ! ਹੁਣ ਹੋਰ ਬੋਲਣ ਦੀ ਲੋੜ ਨਹੀਂ ਅਤੇ ਅਸੀਂ ਆਪਣਾ ਕੰਮ ਕਰੀਏ”।

ਮੈਨੂੰ ਯਾਦ ਹੈ ਕਿ ਮੈਂ ਇਕੱਠ ਲਈ ਸ਼ੁਕਰਗੁਜ਼ਾਰ ਮਹਿਸੂਸ ਕਰ ਰਹੀ ਸਾਂ। ਮੇਰੇ ਸਵਰਗੀ ਪਿਤਾ ਅਤੇ ਚਾਚਾ ਜੀ ਨੇ ਜੋ ਪਿਛਲੇ 30 ਸਾਲ ਆਪਣੀ ਕੌਮ ਦੀ ਸੇਵਾ ਕੀਤੀ ਉਸ ਨੂੰ ਸਨਮਾਨਿਤ ਕਰਨ ਲਈ ਇਹ ਰਸਮ ਸੀ। ਉਨ੍ਹਾਂ ਨੇ ਇਹ ਸੇਵਾ ਉਸ ਸਮੇਂ ਕੀਤੀ ਜਦੋਂ ਨਾ ਕਿਤੋਂ ਆਰਥਕ ਮਦਦ ਮਿਲ ਰਹੀ ਸੀ ਅਤੇ ਨਾ ਹੀ ਕੋਲ ਕੋਈ ਪੈਸਾ ਸੀ। ਮੇਰੇ ਪਿਤਾ ਜੀ ਮੱਛੀਆਂ ਦੇ ਵਪਾਰੀ ਸਨ। ਮੇਰੇ ਪਿਤਾ ਅਤੇ ਮਾਤਾ ਜੀ ਕੋਲ ਜੋ ਵੀ ਕਮਾਈ ਹੁੰਦੀ ਉਹ ਸਭ ਭਾਈਚਾਰੇ ਲਈ ਖਰਚ ਹੋ ਜਾਂਦਾ। ਉਸ ਵਕਤ ਉਨ੍ਹਾਂ ਨੂੰ ਕੋਈ ਤਨਖਾਹ ਨਹੀਂ ਸੀ ਮਿਲਦੀ ਪਰ ਇਹ ਉਨ੍ਹਾਂ ਦਾ ਆਪਣੇ ਲੋਕਾਂ ਪਰਤੀ ਫ਼ਰਜ਼ ਸੀ।

ਕ੍ਰਿਸਮਸ ਸਮੇਂ, ਭਾਈਚਾਰਾ ਦੱਸਦਾ ਹੈ ਕਿ “ਜੇ ਤੇਰੇ ਪਿਤਾ ਜੀ ਹਿੰਮਤ ਨਾ ਕਰਦੇ ਤਾਂ ਅਸੀਂ ਇੱਥੇ (ਕਵਾਂਟਲੇਨ) ਨਹੀਂ ਸੀ ਹੋਣਾ”। ਕ੍ਰਿਸਮਸ ਸਮੇਂ ਸਾਡਾ ਪਰਵਾਰ ਆਪਣੇ ਕੁੱਝ ਜਾਨਵਰਾਂ ਨੂੰ ਕੱਟਦਾ ਅਤੇ ਉਨ੍ਹਾਂ ਦਾ ਮਾਸ ਭਾਈਚਾਰੇ ਦੇ ਲੋਕਾਂ ਵਿਚ ਵੰਡ ਦਿੰਦਾ। ਸਾਨੂੰ ਫਰੀਜ਼ਰ ਵੀ ਖ਼ਰੀਦਣੇ ਪਏ ਕਿਉਂਕਿ ਲੋਕਾਂ ਕੋਲ ਸਰਦੀਆਂ ਲਈ ਖਾਣਾ ਸਟੋਰ ਕਰਨ ਲਈ ਹੋਰ ਕੋਈ ਉਪਾਅ ਨਹੀਂ ਸੀ।

ਮੇਰੇ ਪਿਤਾ ਜੀ ਨੇ ਬੜੀ ਦਿਆਲਤਾ ਅਤੇ ਖੁੱਲ੍ਹੇ ਦਿਲ ਨਾਲ ਅਗਵਾਈ ਕੀਤੀ। ਉਨ੍ਹਾਂ ਵੱਲ ਵੇਖ ਕੇ ਮੈਂ ਇਹ ਕਦਰਾਂ ਕੀਮਤਾਂ ਸਿੱਖੀਆਂ ਹਨ ਅਤੇ ਆਪਣੇ ਕਵਾਂਟਲੇਨ ਭਾਈਚਾਰੇ ਦੀ ਅਗਵਾਈ ਦੌਰਾਨ ਕਾਇਮ ਰਖਾਂਗੀ। ਉਦਾਰਤਾ, ਸਤਿਕਾਰ ਅਤੇ ਸਭਿਆਚਾਰ ਲਈ ਸਨਮਾਨ ਤੇ ਅਧਾਰਿਤ ਅਗਵਾਈ”।

# ਸ਼ਿਸ਼ਟਾਚਾਰ Protocols

ਸ਼ਿਸ਼ਟਾਚਾਰ ਪੇਚੀਦਾ ਸਵਦੇਸ਼ੀ ਕਾਨੂੰਨੀ ਪ੍ਰਣਾਲੀ ਦਾ ਹਿੱਸਾ ਹੈ। ਰਵਾਇਤੀ ਕਾਨੂੰਨਾਂ ਅਤੇ ਸ਼ਿਸ਼ਟਾਚਾਰ ਦਾ ਹਰ ਇੱਕ ਨੇਸ਼ਨ ਵਿਚ ਵਖਰੇਵਾਂ ਹੁੰਦਾ ਹੈ। ਸ਼ਿਸ਼ਟਾਚਾਰ ਦਰਸਾਉਂਦਾ ਹੈ ਕਿ ਜ਼ਮੀਨ ਤੇ ਅਧਾਰਿਤ ਨੇਸ਼ਨ ਆਪਣੇ ਰਸਮੋ ਰਿਵਾਜ, ਮਹਿਮਾਨ ਨਿਵਾਜ਼ੀ, ਬਜ਼ੁਰਗਾਂ ਦਾ ਸਤਿਕਾਰ ਕਿਵੇਂ ਕਰਦੇ ਹਨ ਅਤੇ ਜਿਸ ਨੇਸ਼ਨ ਨੂੰ ਮਿਲਣ ਜਾਂਦੇ ਉਸ ਦੀ ਧਰਤੀ ਨੂੰ ਕਿਵੇਂ ਸਤਿਕਾਰ ਦਿੰਦੇ ਹਨ। ਬੇਸ਼ੱਕ ਵਿਭਿੰਨ ਹਨ ਪਰ ਇਹ ਕਾਨੂੰਨੀ ਪ੍ਰਣਾਲੀਆਂ ਸੰਪਰਕ ਤੋਂ ਕਈ ਹਜ਼ਾਰਾਂ ਸਾਲ ਪੁਰਾਣੀਆਂ ਹਨ। ਸ਼ਿਸ਼ਟਾਚਾਰ ਉਹ ਕਾਰਜ ਪ੍ਰਣਾਲੀ ਹੈ ਜੋ ਵੱਖ ਵੱਖ ਨੇਸ਼ਨਾਂ ਦੇ ਵਿਚਕਾਰ ਸਤਿਕਾਰ ਭਰੇ ਸਬੰਧਾਂ ਨੂੰ ਯਕੀਨੀ ਬਣਾਉਂਦੀ ਹੈ। ਮਿਸਾਲ ਲਈ ਜੇ ਗੁਆਂਢੀ ਕਬੀਲਾ ਸੇਮੀਆਮੂਹ ਨੂੰ ਮਿਲਣ ਆਉਂਦਾ ਹੈ ਤਾਂ ਆਪਣੀ ਬੇੜੀ ਨੂੰ ਕਿਨਾਰੇ ਤੇ ਉਲਟੀ ਲਗਾਏਗਾ। ਇਹ ਇਸ ਗਲ ਦਾ ਸੰਕੇਤ ਸੀ ਕਿ ਅਸੀਂ ਨੇਸ਼ਨ ਦੇ ਪਿੰਡ ਬੜੇ ਸਤਿਕਾਰ ਨਾਲ ਅਤੇ ਕਈ ਵਾਰ ਬੜੇ ਉਤਸ਼ਾਹ/ਖੁਸ਼ੀ ਦੀ ਭਾਵਨਾ ਨਾਲ ਆ ਰਹੇ ਹਨ। ਮਹਿਮਾਨਾਂ ਦੇ ਸਤਿਕਾਰ ਵਜੋਂ ਕਿਨਾਰੇ ਤੇ ਗੀਤ ਗਾ ਕੇ ਸਵਾਗਤ ਕੀਤਾ ਜਾਂਦਾ ਹੈ (ਚੈਪਲ 2021) । ਅੱਜ ਕਲ ਜੋ ਸ਼ਿਸ਼ਟਾਚਾਰ ਆਮ ਤੌਰ ਤੇ ਦੇਖਿਆ ਜਾਂਦਾ ਹੈ ਉਹ ਹੈ ਖੇਤਰੀ ਮਾਨਤਾ ਦੀ ਪਰਵਾਨਗੀ।

ਆਦਿਵਾਸੀ ਭਾਈਚਾਰੇ ਨੂੰ ਕੈਨੇਡਾ ਵਿਚ ਜਜ਼ਬ ਕਰਨ ਲਈ ਇੰਡੀਅਨ ਐਕਟ ਇੱਕ ਵਸੀਲਾ ਸੀ। ਬਸਤੀਵਾਦ ਸਮੇਂ ਸਵਦੇਸ਼ੀ ਸ਼ਿਸ਼ਟਾਚਾਰ ਅਤੇ ਕਾਨੂੰਨ ਪ੍ਰਣਾਲੀਆਂ ਨੂੰ 1884 ਤੋਂ 1951 ਤੱਕ ਇੰਡੀਅਨ ਐਕਟ ਅਧੀਨ ਗ਼ੈਰਕਾਨੂੰਨੀ ਕਰਾਰ ਦੇ ਦਿੱਤਾ ਗਿਆ। ਸਵਦੇਸ਼ੀ ਲੋਕ ਜੇ ਰਵਾਇਤੀ ਸ਼ਿਸ਼ਟਾਚਾਰ ਕਰਦੇ ਦੇਖੇ ਜਾਂਦੇ ਤਾਂ ਉਨ੍ਹਾਂ ਨੂੰ ਅਕਸਰ ਹਿਰਾਸਤ ਵਿਚ ਲੈ ਲਿਆ ਜਾਂਦਾ। ਲੰਮੇ ਸਮੇਂ ਦੀ ਇਸ ਮਨਾਹੀ ਨੇ ਸ਼ਿਸ਼ਟਾਚਾਰ ਅਤੇ ਸਭਿਆਚਾਰ ਨੂੰ ਖ਼ਤਮ ਕਰਨ ਤੇ ਅਸਰ ਪਾਇਆ। ਅੱਜ ਕਲ ਸ਼ਿਸ਼ਟਾਚਾਰ ਦਾ ਪਾਲਨ ਕਰਨਾ ਜਿਵੇਂ ਕਿ ਇਲਾਕਾਈ ਮਾਨਤਾ ਸਭਿਆਚਾਰ ਦੇ ਪੁਨਰ-ਉਥਾਨ ਵਿਚ ਬੜਾ ਮਹੱਤਵਪੂਰਨ ਹਿੱਸਾ ਪਾ ਰਹੀ ਹੈ।

ਸੇਮੀਆਮੂਹ ਦਾ ਮੁਖੀ ਹਾਰਲੇ ਚੈਪਲ ਅੱਜ ਕਲ ਦੇ ਸ਼ਿਸ਼ਟਾਚਾਰ ਬਾਰੇ ਅੱਜ ਵਰਣਨ ਕਰਦੇ ਕਹਿੰਦੇ ਹਨ: "ਕਿਸੇ ਦੂਜੇ ਕਬੀਲੇ ਜਾਂ ਨੇਸ਼ਨ ਦੇ ਸਵਾਗਤ ਦੇ ਸਮੇਂ ਅਸੀਂ ਆਪਣੇ ਬਜ਼ੁਰਗਾਂ ਦੇ ਗੀਤ ਗਾਉਂਦੇ ਹਾਂ। ਮੈਨੂੰ ਇਹ ਸਿਖਾਇਆ ਗਿਆ ਸੀ ਕਿ ਗੀਤ ਗਾਉਣਾ ਸਾਡੀ ਪਹਿਲੀ ਭਾਸ਼ਾ ਹੈ। ਇਸ ਲਈ ਜਦੋਂ ਵੀ ਕੋਈ ਸਾਡੇ ਭਾਈਚਾਰੇ ਵਿਚ ਆਉਂਦਾ ਹੈ ਤਾਂ ਅਸੀਂ ਗੀਤ ਗਾ ਕੇ ਉਸ ਦਾ ਸਵਾਗਤ ਕਰਦੇ ਹਾਂ ਅਤੇ ਇਹ ਅਸੀਂ ਅਜ ਤੱਕ ਨਿਭਾ ਰਹੇ ਹਾਂ। ਜਦੋਂ ਅਸੀਂ ਬੇੜੀ ਦਾ ਸਫ਼ਰ ਕਰਦੇ ਹਾਂ ਤਾਂ ਸਮੁੰਦਰ ਕਿਨਾਰੇ ਆਉਣ ਤੋਂ ਪਹਿਲਾਂ ਅਸੀਂ ਉਹ ਗੀਤ ਗਾਉਂਦੇ ਹਾਂ। ਜਦੋਂ ਅਸੀਂ ਕਿਨਾਰੇ ਤੇ ਪਹੁੰਚ ਜਾਂਦੇ ਹਾਂ ਤਾਂ ਅਸੀਂ ਫਿਰ ਸਵਾਗਤ ਵਾਲੇ ਅਤੇ ਪਿਆਰ ਵਾਲੇ ਗੀਤ ਗਾਉਂਦੇ ਹਾਂ। ਅਸੀਂ ਫਿਰ ਆਪਣੀਆਂ ਬੇੜੀਆਂ ਦੇ ਮੂੰਹ ਪਿੱਛੇ ਮੋੜ ਲੈਂਦੇ ਹਾਂ। ਕਿਉਂਕਿ ਅਸੀਂ ਜਾਣਦੇ ਹਾਂ ਕਿ ਜੇ ਬੇੜੀ ਦਾ ਮੂੰਹ ਕਿਨਾਰੇ ਵੱਲ ਹੋਵੇਗਾ ਤਾਂ ਇਹ ਲੜਾਈ ਦੀ ਨਿਸ਼ਾਨੀ ਹੈ। ਇਹ ਸੰਘਰਸ਼ ਦੀ ਨਿਸ਼ਾਨੀ ਹੈ। ਸਾਡੇ ਸਵਾਗਤੀ ਗੀਤਾਂ ਦੇ ਸੰਗੀਤ ਦੀ ਧੁਨੀ ਲੜਾਈ ਦੇ ਗੀਤਾਂ ਦੀ ਧੁਨੀ ਤੋਂ ਅਲੱਗ ਹੁੰਦੀ ਹੈ। ਇਸ ਲਈ ਸੰਗੀਤ ਦੀ ਧੁਨੀ ਤੋਂ ਲੋਕ ਸਮਝ ਲੈਣਗੇ ਕਿ ਆਉਣ ਵਾਲੇ ਲੋਕ ਕਿਸ ਇਰਾਦੇ ਨਾਲ ਆ ਰਹੇ ਹਨ। ਪਰ ਅਸਲ ਵਿਚ ਇਹ ਪਰਵਾਨ ਕਰਨ ਲਈ ਹੈ ਕਿ ਅਸੀਂ ਕਿਸੇ ਹੋਰ ਦੀ ਧਰਤੀ ਤੇ ਹਾਂ। ਅਸੀਂ ਐਵੇਂ ਕਿਸੇ ਦੀ ਧਰਤੀ ਤੇ ਨਹੀਂ ਜਾਂਦੇ ਅਤੇ ਨਾ ਹੀ ਉੱਥੇ ਜਾ ਕੇ ਆਪਣੀ ਮਨਮਰਜ਼ੀ ਕਰਨ ਲੱਗ ਜਾਂਦੇ ਹਾਂ। ਅਸਲ ਵਿਚ ਬ੍ਰਿਟਿਸ਼ ਕੋਲੰਬੀਆ ਵਿਚ ਇਹੀ ਹੋਇਆ। ਇਹ ਸਵੀਕਾਰ ਕਰਨਾ ਕਿ ਅਸੀਂ ਕਿਸੇ ਹੋਰ ਦੀ ਧਰਤੀ ਤੇ ਹਾਂ ਅਤੇ ਇਹ ਲੋਕ ਇੱਥੋਂ ਦੇ ਅਸਲ ਬਾਸ਼ਿੰਦੇ ਹਨ ਇਹ ਸਤਿਕਾਰ ਅਤੇ ਚੰਗੇ ਕਿਰਦਾਰ ਦੀ ਨਿਸ਼ਾਨੀ ਹੈ"।

## ਸ਼ੁਰੂਆਤ ਠੀਕ ਕਰਨੀ
## Starting in a Good Way

**ਮਾਈਕਲ ਕੈਲੇ ਗਬਰੀਲ ਕਵਾਂਟਲੇਨ ਦਾ ਸਭਿਆਚਾਰ ਅੰਬੈਸਡਰ:**
**Kwantlen Cultural Ambassador, Micheal Kelly Gabriel:**

ਕੁੱਝ ਸਾਲ ਪਹਿਲਾਂ ਅਸੀਂ ਫ਼ਸਟ ਸੇਮਨ (ਮੱਛੀ) ਦੀ ਰਸਮ ਕਰ ਰਹੇ ਸੀ। ਅਸੀਂ ਇਹ ਰਸਮ ਸੈਮਨ ਦਾ ਧੰਨਵਾਦ ਕਰਨ ਲਈ ਕਰਦੇ ਹਾਂ ਜਿਸ ਨੇ ਸਾਡੀ ਨੇਸ਼ਨ ਨੂੰ ਸ਼ੁਰੂ ਸਮੇਂ ਤੋਂ ਜ਼ਿੰਦਾ ਰੱਖਣ ਵਿਚ ਮਦਦ ਕੀਤੀ। ਪਿਛਲੇ ਕਈ ਸਾਲਾਂ ਤੋਂ ਕਈ ਲੋਕ ਮੇਰੇ ਦਾਦਾ ਹਰਬ ਜਾਂ ਦਾਦੀ ਹੈਲਨ ਨੂੰ ਰਸਮਾਂ ਵਿਚ ਮਦਦ ਲਈ ਕਹਿੰਦੇ ਹਨ ਅਤੇ ਇਹ ਸੈਮਨ ਦੀ ਰਸਮ ਕੋਈ ਵੱਖਰੀ ਨਹੀਂ। ਅਸੀਂ ਉਨ੍ਹਾਂ ਦੀ ਮਦਦ ਇਸ ਲਈ ਮੰਗਦੇ ਹਾਂ ਤਾਂ ਕਿ ਸਾਡੀਆਂ ਰਸਮਾਂ ਪੁਰਾਤਨ ਸਭਿਆਚਾਰ (ਅਤੇ ਸ਼ਿਸ਼ਟਾਚਾਰ) ਮੁਤਾਬਿਕ ਮੁਕੰਮਲ ਹੋ ਸਕਣ।

ਇੱਕ ਵਾਰ ਦੀ ਗਲ ਹੈ, ਅਸੀਂ ਰਸਮ ਪੂਰੀ ਕਰ ਕੇ ਬੈਠੇ ਹੋਏ ਇੱਕ ਦੂਜੇ ਨਾਲ ਗੱਲਾਂ ਕਰ ਰਹੇ ਸੀ। ਅਸੀਂ ਦਾਦਾ ਜੀ ਨੂੰ ਪੁੱਛਿਆ, "ਦਾਦਾ ਜੀ ਅਸੀਂ ਸਭ ਰਸਮਾਂ ਠੀਕ ਠਾਕ ਕੀਤੀਆਂ ਹਨ?" ਦਾਦਾ ਜੀ ਨੇ ਕਿਹਾ ਸਭ ਕੁੱਝ ਠੀਕ ਸੀ ਪਰ ਇੱਕ ਗਲ ਤੁਸੀਂ ਭੁੱਲ ਗਏ। "ਤੁਸੀਂ ਇਹ ਭੁੱਲ ਗਏ ਕਿ ਜਦੋਂ ਲੋਕ ਅੰਦਰ ਆਉਂਦੇ ਹਨ ਤੁਸੀਂ ਸਵਾਗਤੀ ਗੀਤ ਗਾਉਣਾ ਸੀ"।

ਫਿਰ ਦਾਦਾ ਜੀ ਨੇ ਸਾਨੂੰ ਸਵਾਗਤੀ ਗੀਤ ਦੀਆਂ ਸਿੱਖਿਆਵਾਂ ਦੇ ਅਰਥ ਸਮਝਾਏ:

"ਜਦੋਂ ਅਸੀਂ ਇਕੱਠ ਦੀ ਮੇਜ਼ਬਾਨੀ ਕਰਦੇ ਹਾਂ ਤਾਂ ਸਾਨੂੰ ਮਹਿਮਾਨਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਸ਼ੁਰੂ ਵਿਚ ਸਾਡਾ ਭਾਈਚਾਰਾ ਮਹਿਮਾਨਾਂ ਨੂੰ ਹੱਥ ਜੋੜ ਕੇ ਮਿਲਦਾ ਹੈ"।

ਸਾਨੂੰ ਨਹੀਂ ਪਤਾ ਕਿ ਮਹਿਮਾਨ ਸਾਨੂੰ ਮਿਲਣ ਲਈ ਕਿੰਨਾ ਸਫ਼ਰ ਕਰ ਕੇ ਆਏ ਹਨ, ਇੱਥੇ ਆਉਣ ਵਿਚ ਕਿੰਨਾ ਸਮਾਂ ਲੱਗਾ ਅਤੇ ਸਾਡੇ ਸਮਾਗਮ ਵਿਚ ਉਨ੍ਹਾਂ ਦਾ ਕਿੰਨਾ ਸਮਾਂ ਲੱਗੇਗਾ ਜੋ ਸਮਾਂ ਉਹ ਆਪਣੇ ਪਰਵਾਰ ਜਾਂ ਪਿਆਰੇ ਨੂੰ ਨਹੀਂ ਦੇ ਸਕੇ।

"ਇਸ ਲਈ ਅਸੀਂ ਆਪਣਾ ਸਮਾਗਮ ਗੀਤ ਗਾ ਕੇ ਆਏ ਮਹਿਮਾਨਾਂ ਦਾ ਧੰਨਵਾਦ ਕਰ ਕੇ ਸ਼ੁਰੂ ਕਰਦੇ ਹਾਂ ਕਿਉਂਕਿ ਉਹ ਸਫ਼ਰ ਕਰ ਕੇ ਇਸ ਇਕੱਠ ਵਿਚ ਸ਼ਾਮਲ ਹੋਏ ਹਨ। ਇਸ ਸਵਾਗਤੀ ਗੀਤ ਦਾ ਇੱਕ ਹੋਰ ਵੀ ਉਦੇਸ਼ ਹੈ। ਇਹ ਮਹਿਮਾਨਾਂ ਨੂੰ ਸੰਦੇਸ਼ ਵੀ ਹੁੰਦਾ ਹੈ ਕਿ ਅਸੀਂ ਸਾਰੇ ਇੱਕ ਦਿਲ ਅਤੇ ਦਿਮਾਗ ਨਾਲ ਕੰਮ ਕਰਾਂਗੇ। ਸਾਡੀ ਬੋਲੀ ਵਿਚ ਇਸ ਲਈ ਲੈਟਸਮੋਟ (Let'semot )ਸ਼ਬਦ ਹੈ- ਜਿਸਦਾ ਮਤਲਬ ਹੈ ਲੋਕਾਂ ਦੀ ਭਲਾਈ ਲਈ ਇੱਕ ਮਨ ਅਤੇ ਇੱਕ ਦਿਲ ਨਾਲ ਕੰਮ ਕਰਨਾ"।



# ਇਲਾਕਾਈ ਮਾਨਤਾ ਦਾ ਮਹੱਤਵ

# The Importance of the Territorial Acknowledgment

ਇਲਾਕਾਈ ਮਾਨਤਾ ਬੜੀ ਮਹੱਤਵਪੂਰਨ ਹੈ ਕਿਉਂਕਿ ਇਹ ਧਰਤੀ ਅਧਾਰਿਤ ਨੇਸ਼ਨਜ਼ ਦੇ ਧਰਤੀ ਨਾਲ ਪੁਰਾਤਨ ਸਬੰਧਾਂ ਦੀ ਪਛਾਣ ਕਰਵਾਉਂਦੀ ਹੈ। ਬਸਤੀਵਾਦ ਦਾ ਇੱਕ ਖ਼ਤਰਨਾਕ ਨਤੀਜਾ ਇਹ ਨਿਕਲਿਆ ਕਿ ਸਵਦੇਸ਼ੀ ਲੋਕਾਂ ਦੀ ਧਰਤੀ ਘਟ ਕੇ 0.2% ਰਹਿ ਗਈ। ਇਸ ਦਾ ਸਵਦੇਸ਼ੀ ਲੋਕਾਂ ਤੇ ਵਿਨਾਸ਼ਕਾਰੀ ਅਸਰ ਪਿਆ ਹੈ। ਜ਼ਮੀਨ ਅਧਾਰਿਤ ਨੇਸ਼ਨਜ਼ ਦੀ ਮਾਨਤਾ ਪਰਵਾਨ ਕਰ ਕੇ ਤੁਸੀਂ ਉਸ ਜਗ੍ਹਾ ਦੇ ਇਤਿਹਾਸ ਨੂੰ ਸਨਮਾਨਿਤ ਕਰ ਰਹੇ ਹੋ ਜਿੱਥੇ ਤੁਸੀਂ ਰਹਿ ਰਹੇ ਹੋ ਜਾਂ ਜਿੱਥੇ ਤੁਹਾਡੇ ਇਕੱਠ ਹੁੰਦੇ ਹਨ। ਇਸ ਇਤਿਹਾਸ ਵਿਚ ਸਵਦੇਸ਼ੀ ਲੋਕਾਂ ਦੇ ਆਦਿਕਾਲ ਤੋਂ ਧਰਤੀ ਨਾਲ ਸਬੰਧ ਅਤੇ ਸਵਦੇਸ਼ੀ ਲੋਕਾਂ ਦੇ ਹੱਕਾਂ ਅਤੇ ਟਾਈਟਲ ਦੀ ਮਾਨਤਾ ਸ਼ਾਮਲ ਹਨ।

ਜ਼ਮੀਨ ਅਧਾਰਿਤ ਸਵਦੇਸ਼ੀ ਕਾਨੂੰਨ ਅਤੇ ਸ਼ਿਸ਼ਟਾਚਾਰ ਇਹ ਸੁਨਿਸ਼ਚਿਤ ਕਰਦੇ ਹਨ ਕਿ ਅਗਲੀਆਂ ਪੀੜ੍ਹੀਆਂ ਲਈ ਧਰਤੀ ਦੀ ਦੇਖਭਾਲ ਕੀਤੀ ਜਾਏ। ਇਹ ਸਵੀਕਾਰ ਕਰਨਾ ਬੜਾ ਮਹੱਤਵਪੂਰਨ ਹੈ ਕਿ ਸਵਦੇਸ਼ੀ ਲੋਕਾਂ ਦੇ ਇਰਾਦੇ ਜ਼ਮੀਨ ਦੀ ਦੇਖਭਾਲ ਆਪਸਦਾਰੀ, ਖ਼ਿਦਮਤਗਾਰੀ ਅਤੇ ਸਬੰਧਾਂ ਦੀ ਭਾਵਨਾ ਤੇ ਅਧਾਰਿਤ ਹਨ। ਹਕੋਰੀ ਵਿਲਸਨ ਦਾ ਕਹਿਣਾ ਹੈ ਕਿ "ਬੀ.ਸੀ. ਵਿਚ ਤੁਸੀਂ ਆਮ ਤੌਰ ਤੇ ਸ਼ਬਦ 'ਅਨਸੀਡਡ' ਸੁਣੋਗੇ। ਜਦੋਂ ਜ਼ਮੀਨ ਦਿੱਤੀ (ਸੀਡ) ਜਾਂਦੀ ਹੈ ਤਾਂ ਇੱਕ ਧਿਰ ਦਾ ਦੂਜੀ ਧਿਰ ਨਾਲ ਸਮਝੌਤਾ ਹੁੰਦਾ ਹੈ ਕਿ ਜ਼ਮੀਨ ਦੇਣੀ ਹੈ ਜਾਂ ਹਿੱਸੇਦਾਰੀ ਕਰਨੀ ਹੈ। ਬੀ.ਸੀ. ਵਿਚ ਜ਼ਿਆਦਾਤਰ ਜ਼ਮੀਨ ਕਦੀ ਰਸਮੀ ਤੌਰ ਤੇ ਦਿੱਤੀ ਹੀ ਨਹੀਂ ਗਈ। ਵੈਨਕੂਵਰ ਸਮੇਤ ਬੀ.ਸੀ. ਦਾ 95% ਫ਼ਸਟ ਨੇਸ਼ਨ ਦੀ ਅਨਸੀਡਡ ਧਰਤੀ ਤੇ ਵਸਿਆ ਹੋਇਆ ਹੈ ਜੋ ਧਰਤੀ ਰਸਮੀ ਤੌਰ ਉਨ੍ਹਾਂ ਨੇ ਕਦੇ ਦਿੱਤੀ ਹੀ ਨਹੀਂ। ਅਨਸੀਡਡ ਦਾ ਮਤਲਬ ਹੈ ਕਿ ਫ਼ਸਟ ਨੇਸ਼ਨ ਲੋਕਾਂ ਨੇ ਰਸਮੀ ਤੌਰ ਤੇ ਜਾਂ ਕਾਨੂੰਨੀ ਤੌਰ ਤੇ ਕਰਾਊਨ ਜਾਂ ਕੈਨੇਡਾ ਨੂੰ ਧਰਤੀ ਨਹੀਂ ਦਿੱਤੀ"।

2013 ਵਿਚ ਵੈਨਕੂਵਰ ਸ਼ਹਿਰ ਦੀ ਕੌਂਸਲ ਨੇ ਸਕੁਆਮਿਸ਼, ਤਲਈਲ ਵਾਤੁਥ ਅਤੇ ਮਸਕੁਈਮ ਫ਼ਸਟ ਨੇਸ਼ਨਜ਼ ਦੇ ਇਲਾਕਿਆਂ ਨੂੰ ਅਨਸੀਡਡ ਸਵੀਕਾਰ ਕਰਨਾ ਸ਼ੁਰੂ ਕੀਤਾ ਹੈ। ਇਸ ਕਾਨੂੰਨ ਮੁਤਾਬਿਕ, "ਵੈਨਕੂਵਰ ਸ਼ਹਿਰ ਦੇ ਮੇਅਰ ਨੇ ਇੱਕ ਵਿਲੱਖਣ ਕਦਮ ਰਾਹੀਂ ਰਾਸ਼ਟਰੀ ਆਦੀਵਾਸੀ ਦਿਵਸ 21 ਜੂਨ 2013 ਨੂੰ ਰਾਜ਼ੀਨਾਮੇ ਦਾ ਸਾਲ ਐਲਾਨਿਆ ਹੈ, ਪੂਰਾ ਸਾਲ ਭੂਤਕਾਲ ਦੀ ਕੜਵਾਹਟ ਨੂੰ ਦੂਰ ਕਰਨ ਅਤੇ ਆਦੀਵਾਸੀਆਂ ਅਤੇ ਵੈਨਕੂਵਰ ਦੇ ਵਸਨੀਕਾਂ ਵਿਚਕਾਰ ਨਵੇਂ ਰਿਸ਼ਤੇ ਕਾਇਮ ਕਰਨ ਦੀ ਕੋਸ਼ਿਸ਼, ਜਿਸ ਦੀ ਨੀਂਹ ਖੁੱਲ੍ਹੇਪਣ, ਮਾਨ ਸਤਿਕਾਰ, ਸਮਝ ਅਤੇ ਉਮੀਦਾਂ ਤੇ ਉਸਾਰੀ ਜਾਏ"।

ਕਾਨੂੰਨ ਵਿਚ ਦਸਤਾਵੇਜ਼ ਇਹ ਕਹਿੰਦਾ ਹੈ ਕਿ, "ਰਾਜ਼ੀਨਾਮੇਂ ਦੇ ਸਾਲ ਦੌਰਾਨ ਸਭ ਤੋਂ ਵੱਡੀ ਸਚਾਈ ਜੋ ਸਾਹਮਣੇ ਆਈ ਉਹ ਇਹ ਹੈ ਕਿ ਵੈਨਕੂਵਰ ਸ਼ਹਿਰ ਮਸਕੁਈਮ, ਸਕੁਆਮਿਸ਼ ਅਤੇ ਤਲਈਲ ਵਾਤੁਥ ਫ਼ਸਟ ਨੇਸ਼ਨਜ਼ ਦੇ ਰਵਾਇਤੀ ਇਲਾਕਿਆਂ ਤੇ ਵਸਿਆ ਹੋਇਆ ਹੈ ਅਤੇ ਇਹ ਇਲਾਕੇ ਕਿਸੇ ਸੰਧੀ, ਜੰਗ ਜਾਂ ਸਮਰਪਣ ਦੀ ਭਾਵਨਾ ਨਾਲ ਸਪੁਰਦ ਨਹੀਂ ਕੀਤੇ ਗਏ"।
ਕੈਨੇਡੀਅਨਾਂ ਵੱਲੋਂ ਇਨ੍ਹਾਂ ਇਲਾਕਿਆਂ ਨੂੰ ਸਵਦੇਸ਼ੀ ਸਵੀਕਾਰ ਕਰ ਕੇ ਕੈਨੇਡੀਅਨਾਂ ਅਤੇ ਸਵਦੇਸ਼ੀਆਂ ਵਿਚਕਾਰ ਚੰਗੇ ਸਬੰਧਾਂ ਨੂੰ ਮਜ਼ਬੂਤ ਕਰਨ ਵੱਲ ਇੱਕ ਛੋਟਾ ਜਿਹਾ ਕਦਮ ਚੁੱਕਿਆ ਜਾ ਰਿਹਾ ਹੈ। ਅੱਜ ਕੈਨੇਡਾ ਵਿਚ ਸਵਦੇਸ਼ੀ ਸਰਕਾਰਾਂ ਅਤੇ ਸੰਸਥਾਵਾਂ ਨੂੰ ਲਗਾਤਾਰ ਬਰਾਬਰ ਦੇ ਅਵਸਰਾਂ ਅਤੇ ਆਪਣੇ ਹੱਕਾਂ ਦੀ ਪਰਵਾਨਗੀ ਲਈ ਅਤੇ ਕਿਸੇ ਖ਼ਤਰੇ ਤੋਂ ਬਿਨਾਂ ਜ਼ਿੰਦਗੀ ਜੀਊਣ ਲਈ ਲਗਾਤਾਰ ਵਕਾਲਤ ਕਰਨੀ ਪੈਂਦੀ ਹੈ। ਸਕੋਹਮਿਸ਼ (Sḵwx̱wú7mesh) ਗਿਆਨਵਾਨ ਅਤੇ ਸਲਾਹਕਾਰ, ਤੱਤਲੀਆ (ਮਾਈਕਲ ਨਾਹਨੀ) ਦਾ ਕਹਿਣਾ ਹੈ ਕਿ,"ਆਪਣੇ ਬਜ਼ੁਰਗਾਂ ਅਤੇ ਹੋਰਨਾਂ ਵੱਲੋਂ ਜਿਨ੍ਹਾਂ ਨੂੰ ਪਤਾ ਹੈ ਮੈਨੂੰ ਦੱਸਿਆ ਗਿਆ ਹੈ ਕਿ ਇਲਾਕਾਈ ਮਾਨਤਾ ਦਾ ਮਤਲਬ ਹੈ, ਸਤਿਕਾਰ ਪ੍ਰਗਟ ਕਰਨਾ ਜਾਂ ਧਰਤੀ ਸਬੰਧੀ ਤਾਂ ਕਿ ਆਪਸੀ ਸਬੰਧ ਹੋਰ ਚੰਗੇ ਹੋਣ"।



Photo by Darren Tierney via Unsplash



## ਆਪਣੇ ਹੱਥ ਉੱਪਰ ਉਠਾਉਣੇ

ਸਤਿਕਾਰ ਅਤੇ ਸ਼ੁਕਰਗੁਜ਼ਾਰੀ ਪਰਗਟ ਕਰਨ ਦਾ ਇਹ ਇੱਕ ਤਰੀਕਾ ਹੈ ਆਪਣੇ ਹੱਥ ਉੱਪਰ ਕਰਨੇ। ਇਹ ਸ਼ਿਸ਼ਟਾਚਾਰ ਹਜ਼ਾਰਾਂ ਸਾਲ ਪੁਰਾਣਾ ਹੈ। ਨੇਸ਼ਨਜ਼ ਵੱਲੋਂ ਲੰਮੇ ਪੋਲਾਂ/ਖੰਭਿਆਂ ਤੇ ਮਰਦ ਜਾਂ ਔਰਤ ਦੀ ਸ਼ਕਲ ਤਰਾਸ਼ੀ ਜਾਂਦੀ ਜਿਸ ਦੀਆਂ ਬਾਂਹਾਂ ਉੱਪਰ ਨੂੰ ਉੱਠੀਆਂ ਹੁੰਦੀਆਂ। ਇਹ ਆਕ੍ਰਿਤੀਆਂ ਆਉਣ ਵਾਲੇ ਕਬੀਲੇ ਦਾ ਸਵਾਗਤ ਕਰਦੀਆਂ।

"ਜਦੋਂ ਅਸੀਂ ਉਸ ਦੇ ਹੱਥ ਉੱਚੇ ਕਰਦੇ ਹਾਂ, ਜਦੋਂ ਮੈਂ ਆਪਣੇ ਹੱਥ ਉੱਪਰ ਕਰਦਾ ਹਾਂ ਤਾਂ ਇਸ ਦਾ ਮਤਲਬ ਹੈ ਕਿ ਮੇਰੇ ਮਨ ਵਿਚ ਤੁਹਾਡੇ ਲਈ ਸਤਿਕਾਰ ਹੈ। ਪਰ ਪੁਰਾਣੇ ਸਮੇਂ ਵਿਚ ਜਦੋਂ ਅਸੀਂ ਬੇੜੀ ਵਿਚ ਸਫ਼ਰ ਕਰਦੇ ਸਾਂ, {ਹੱਥ ਉੱਪਰ ਉਠਾਉਣ} ਦਾ ਮਤਲਬ ਹੁੰਦਾ ਸੀ ਕਿ ਅਸੀਂ ਤੁਹਾਡਾ ਨੁਕਸਾਨ ਕਰਨ ਨਹੀਂ ਆਏ ਅਤੇ ਸਾਡੇ ਕੋਲ ਕੋਈ ਹਥਿਆਰ ਨਹੀਂ। ਪਰ ਸਮੇਂ ਦੇ ਨਾਲ ਅਸੀਂ ਇਸ ਨੂੰ ਲੋਕਾਂ ਦਾ ਸਤਿਕਾਰ ਕਰਨ ਲਈ ਅਪਣਾਅ ਲਿਆ ਜਿਨ੍ਹਾਂ ਨੂੰ ਅਸੀਂ ਪਿਆਰ ਕਰਦੇ ਹਾਂ ਅਤੇ ਆਦਰ ਦਿੰਦੇ ਹਾਂ"।
ਮਾਈਕਲ ਕੈਲੇ ਗੈਬਰੀਲ MichaelKelly Gabriel

# ਇਤਿਹਾਸ History

## ਜ਼ਮੀਨ–ਅਧਾਰਿਤ ਨੇਸ਼ਨਜ਼ ਦਾ of Land-Based Nations

ਸਵਦੇਸ਼ੀ ਲੋਕਾਂ ਦੀਆਂ ਰਵਾਇਤਾਂ ਅਤੇ ਇਤਿਹਾਸ ਸੰਪਰਕ ਹੋਣ ਤੋਂ ਕਈ ਹਜ਼ਾਰ ਸਾਲ ਪੁਰਾਣਾ ਹੈ। ਕਵਾਂਟਲੇਨ ਅਤੇ ਸੇਮੀਆਮੂਹ ਦੋਨਾਂ ਹੀ ਸਵਦੇਸ਼ੀ ਲੋਕਾਂ ਦੀਆਂ ਹੜ੍ਹ ਬਾਰੇ ਮੌਖਿਕ ਰਵਾਇਤਾਂ ਹਨ। ਜ਼ੀਟੈਮ ਪੱਥਰ (Xeytem Rock) ਬੀ.ਸੀ. ਮਿਸ਼ਨ ਵਿਚ ਪੁਰਾਤਤਵ ਵਾਲੀ ਜਗ੍ਹਾ ਤਕਰੀਬਨ 10,000 ਸਾਲ ਪੁਰਾਣੀ ਹੈ।

ਹਾਰਲੇ ਚੈਪਲ ਮੁਖੀ:
ਬਹੁਤ ਸਮਾਂ ਪਹਿਲਾਂ ਸਾਡੇ ਇਲਾਕੇ ਦੇ ਇੱਕ ਬਜ਼ੁਰਗ ਨੂੰ ਇੱਕ ਭਿਆਨਕ ਦ੍ਰਿਸ਼ ਨਜ਼ਰ ਆਇਆ। ਕਿ ਬਹੁਤ ਵੱਡਾ ਹੜ੍ਹ ਆ ਰਿਹਾ ਹੈ ਜਿਸ ਨੇ ਇਲਾਕੇ ਨੂੰ ਤਬਾਹ ਕਰ ਦਿੱਤਾ ਹੈ ਅਤੇ ਕਈ ਲੋਕ ਮਰ ਗਏ ਹਨ। ਉਸ ਬਜ਼ੁਰਗ ਨੇ ਲੋਕਾਂ ਨੂੰ ਕਿਹਾ, "ਤਿਆਰੀ ਕਰੋ। ਮੈਨੂੰ ਨਹੀਂ ਪਤਾ ਕਿ ਇਹ ਹੜ੍ਹ ਕਦੋਂ ਆ ਰਿਹਾ ਹੈ ਪਰ ਸਾਨੂੰ ਇਸ ਲਈ ਤਿਆਰ ਰਹਿਣਾ ਚਾਹੀਦਾ ਹੈ"। ਇਸ ਚਿਤਾਵਨੀ ਤੋਂ ਬਾਅਦ ਉਨ੍ਹਾਂ ਨੇ ਸੀਡਰ ਦੀ ਲੱਕੜੀ ਦੀਆਂ ਦੋ ਵੱਡੀਆਂ ਬੇੜੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਇੱਕ ਵਿਚ ਸਾਰਾ ਖਾਣ ਪੀਣ ਦਾ ਸਾਮਾਨ ਜਿਵੇਂ ਕਿ ਸੁੱਕੀਆਂ ਖਜੂਰਾਂ, ਸੁੱਕੀਆਂ ਸਬਜ਼ੀਆਂ, ਸੁੱਕਾ ਸਮੁੰਦਰੀ ਖਾਣਾ ਅਤੇ ਸੁੱਕਾ ਮੀਟ ਭਰ ਲਿਆ ਗਿਆ।

ਇਸ ਬੇੜੀ ਨੂੰ ਭਰ ਕੇ ਚਾਦਰਾਂ ਨਾਲ ਢੱਕ ਦਿੱਤਾ। ਉਹ ਸਭ ਤਿਆਰ ਸਨ ਅਤੇ ਇੱਕ ਦਿਨ ਜਿਵੇਂ ਬਜ਼ੁਰਗ ਨੇ ਕਿਹਾ ਸੀ ਪਾਣੀ ਆਉਣਾ ਸ਼ੁਰੂ ਹੋ ਗਿਆ ਅਤੇ ਉਸਦਾ ਸਤਰ ਵਧਦਾ ਗਿਆ। ਬਜ਼ੁਰਗ ਆਇਆ ਅਤੇ ਕਹਿਣ ਲੱਗਾ, "ਅਸੀਂ ਸਿਰਫ ਬੱਚਿਆਂ ਨੂੰ ਬੇੜੀ ਵਿਚ ਚੜ੍ਹਾ ਰਹੇ ਹਾਂ"। ਇਸ ਲਈ ਦੂਜੀ ਬੇੜੀ ਬੱਚਿਆਂ ਨਾਲ ਭਰ ਗਈ। ਜਦੋਂ ਪਾਣੀ ਦਾ ਸਤਰ ਵਧਦਾ ਗਿਆ ਤਾਂ ਬੇੜੀ ਤੋਂ ਬਾਹਰ ਵਾਲੇ ਵਿਅਕਤੀ ਡੁੱਬ ਕੇ ਮਰ ਗਏ।

ਸਾਡੀ ਧਰਤੀ ਬਦਲ ਗਈ ਅਤੇ ਇਸੇ ਤਰ੍ਹਾਂ ਸਾਰੀ ਦੁਨੀਆ ਬਦਲ ਗਈ। ਕਾਫ਼ੀ ਅਰਸੇ ਬਾਅਦ ਪਾਣੀ ਘਟਣਾ ਸ਼ੁਰੂ ਹੋਇਆ। ਬੱਚੇ ਬੇੜੀ ਵਿਚੋਂ ਬਾਹਰ ਆਏ ਦੁਨੀਆਂ ਦੀ ਖੋਜ ਕਰਨੀ ਸ਼ੁਰੂ ਕਰ ਦਿੱਤੀ। ਕੁੱਝ ਸਮੇਂ ਬਾਅਦ ਉਹ ਇੱਕ ਦੂਜੇ ਤੋਂ ਅਲੱਗ ਹੋ ਗਏ। ਉਨ੍ਹਾਂ ਵਿਚੋਂ ਇੱਕ ਵੱਡੇ ਬੱਚੇ ਨੇ ਦੂਜਿਆਂ ਨੂੰ ਯਾਦ ਕਰਵਾਇਆ ਕਿ, "ਅਸੀਂ ਸਾਰੇ ਲੋਕਾਂ ਨੂੰ ਇਕੱਠਿਆਂ ਕਰਨਾ ਹੈ, ਅਸੀਂ ਇਹ ਯਾਦ ਰੱਖਣਾ ਹੈ ਕਿ ਅਸੀਂ ਕੌਣ ਹਾਂ ਅਤੇ ਕਿੱਥੋਂ ਆਏ ਹਾਂ"। ਇਹ ਫੈਸਲਾ ਕੀਤਾ ਗਿਆ ਕਿ ਜਦੋਂ ਅਸੀਂ ਫਿਰ ਇਕੱਠੇ ਹੋਵਾਂਗੇ ਤਾਂ ਅਸੀਂ ਆਪਣੇ ਨਾਮ ਦੇ ਨਾਲ ਪਿਛੇਤਰ ਲਗਾਵਾਂਗੇ। ਬੱਚਿਆਂ ਨੇ ਆਪਣੀਆਂ ਜਗ੍ਹਾਂ ਦੇ ਨਾਮ ਦੇ ਪਿੱਛੇ –ਮਿਸ਼ ਲਗਾਇਆ ਇਹ ਦਰਸਾਉਣ ਲਈ ਕਿ ਉਹ ਜ਼ੇਕੇਮਿਸ਼ (xʷleq̓təməx) ਜਿਸਦਾ ਮਤਲਬ ਹੈ "ਹੜ੍ਹਾਂ ਤੋਂ ਬਚੇ"। ਇਸ ਕਹਾਣੀ ਵਿਚ ਮੈਂ ਸਕੁਆਮਿਸ਼ ਦੇ ਉੱਤਰ ਵਾਲੇ ਆਪਣੇ ਰਿਸ਼ਤੇਦਾਰ ਸ਼ਾਮਲ ਨਹੀਂ ਕੀਤੇ। ਉਹ ਵੱਖਰੇ ਲੋਕ ਹਨ, ਉਨ੍ਹਾਂ ਦਾ ਮੁੱਢ ਹੋਰ ਹੈ, ਪਰ ਸਾਡੇ ਆਪਣੇ ਲੋਕ ਹਨ ਅਤੇ ਦੱਖਣ ਵਾਲੇ ਸਾਰੇ ਲੋਕਾਂ ਦੇ ਨਾਵਾਂ ਪਿੱਛੇ –ਮਿਸ਼ ਹੈ ਜਿਵੇਂ ਕਿ ਸਟਿਲਾਗੁਆਮਿਸ਼, ਸੁਕੂਆਮਿਸ਼, ਸਵਿਨੋਮਿਸ਼, ਦੂਆਮਿਸ਼, ਸੈਮਿਸ਼"।

ਜਦੋਂ ਅਸੀਂ ਆਪਣੇ ਆਪ ਨੂੰ ਪਹਿਚਾਨਣਾ ਸ਼ੁਰੂ ਕਰਦੇ ਹਾਂ ਤਾਂ ਭੂਗੋਲ ਸੰਦਰਭ ਬਣਦਾ ਹੈ। ਇਸ ਤੋਂ ਪਤਾ ਚਲਦਾ ਹੈ ਕਿ ਅਸੀਂ ਕੌਣ ਹਾਂ ਅਤੇ ਅਗਲੀਆਂ ਪੀੜ੍ਹੀਆਂ ਦੇ ਵਿਕਾਸ ਦੀ ਕੀ ਗੁੰਜਾਇਸ਼ ਹੈ। ਮੈਂ ਆਪਣੇ ਬਜ਼ੁਰਗ ਨੂੰ ਪੁੱਛਿਆ ਕਿ ਅਸੀਂ ਆਪਣਾ ਨਾਮ ਕਿਉਂ ਨਹੀਂ ਬਦਲਿਆ, ਅਸੀਂ ਸੇਮੀਆਮੂਹ–ਇਸ਼ ਨਹੀਂ ਹਾਂ। ਅਸੀਂ ਸੇਮੀਆਮੂਹ ਹਾਂ। ਸਾਡੇ ਬਜ਼ੁਰਗ ਨੇ ਕਿਹਾ "ਉਨ੍ਹਾਂ ਦੋ ਬੇੜੀਆਂ ਵਿਚੋਂ ਇੱਕ ਬੇੜੀ ਜਿੱਥੇ ਤੁਸੀਂ ਹੋ ਉਸ ਤੋਂ ਦੱਖਣ ਵੱਲ ਕਿਨਾਰੇ ਲੱਗੀ ਅਤੇ ਦੂਜੀ ਉਸ ਤੋਂ ਹੋਰ ਦੱਖਣ ਵੱਲ ਲੱਗੀ। ਅਸੀਂ ਆਪਣਾ ਘਰ ਕਦੇ ਛੱਡਿਆ ਹੀ ਨਹੀਂ। ਹੜ੍ਹ ਤੋਂ ਬਾਅਦ ਜਿੱਥੇ ਬੇੜੀਆਂ ਕਿਨਾਰੇ ਲੱਗੀਆਂ ਅਸੀਂ ਉਹ ਜਗ੍ਹਾ ਛੱਡੀ ਹੀ ਨਹੀਂ"। ਇਸ ਲਈ ਅਸੀਂ ਘਰ ਦਾ ਮੁੱਢ ਹਾਂ, ਅਸੀਂ ਅਤੇ ਦੱਖਣ ਵਾਲੇ ਸਾਡੇ ਰਿਸ਼ਤੇਦਾਰ ਉਹ ਲੋਕ ਹਾਂ ਜੋ ਆਪਣੇ ਘਰ ਦੇ ਨਜ਼ਦੀਕ ਰਹੇ।

ਮੇਰੇ ਲਈ ਇਹ ਯਾਦ ਰੱਖਣਾ ਬੜਾ ਮਹੱਤਵਪੂਰਨ ਹੈ: ਜੋ ਕੁਰਬਾਨੀਆਂ ਸਾਡੇ ਬਜ਼ੁਰਗਾਂ ਨੇ ਆਪਣੀਆਂ ਭਵਿੱਖ ਵਾਲੀਆਂ ਪੀੜ੍ਹੀਆਂ ਲਈ ਕੀਤੀਆਂ। ਉਨ੍ਹਾਂ ਦੀ ਕੁਰਬਾਨੀ ਕਿਵੇਂ ਨੌਜਵਾਨਾਂ ਵਾਸਤੇ ਆਪਣੀ ਸਲਾਮਤੀ ਲਈ ਅਵਸਰ ਅਤੇ ਯੋਗਤਾ ਪ੍ਰਦਾਨ ਕਰਦੀ ਹੈ। ਜਦੋਂ ਮੁਸ਼ਕਲ ਬਣੇ ਮੈਂ ਇਹ ਯਾਦ ਕਰਦਾ ਹਾਂ। ਆਵਾਸੀਆਂ ਅਤੇ ਨਵੇਂ ਆਏ ਲੋਕਾਂ ਬਾਰੇ ਜੇ ਗੱਲ ਕਰੀਏ ਇਹ ਹੋਰ ਪਿਤਾ ਹੈ ਜੋ ਆਪਣੇ ਬੱਚਿਆਂ ਅਤੇ ਪਰਵਾਰ ਲਈ ਚੰਗੀ ਜ਼ਿੰਦਗੀ ਦੀ ਭਾਲ ਵਿਚ ਇਸ ਧਰਤੀ ਤੇ ਆਇਆ ਹੈ। ਬਿਲਕੁਲ ਉਹ ਹੀ ਜੋ ਅਸੀਂ ਕੀਤਾ ਸੀ।

> "ਅਵਾਸੀਆਂ ਅਤੇ ਨਵੇਂ ਆਏ ਲੋਕਾਂ ਬਾਰੇ ਜੇ ਗੱਲ ਕਰੀਏ ਇਹ ਇੱਕ ਹੋਰ ਪਿਤਾ ਹੈ ਜੋ ਆਪਣੇ ਬੱਚਿਆਂ ਅਤੇ ਪਰਵਾਰ ਲਈ ਚੰਗੀ ਜ਼ਿੰਦਗੀ ਦੀ ਭਾਲ ਵਿਚ ਇਸ ਧਰਤੀ ਤੇ ਆਇਆ ਹੈ। ਬਿਲਕੁਲ ਉਹ ਹੀ ਜੋ ਅਸੀਂ ਕੀਤਾ ਸੀ।

# ਸੰਪਰਕ Contact

ਕਿਹਾ ਜਾਂਦਾ ਹੈ ਕਿ ਸੰਪਰਕ ਤੋਂ ਪਹਿਲਾਂ ਉੱਤਰੀ ਅਮਰੀਕਾ ਵਿਚ ਸਵਦੇਸ਼ੀ ਲੋਕਾਂ ਦੀ 9 ਤੋਂ 11 ਕਰੋੜ ਤੱਕ ਦੀ ਅਬਾਦੀ ਸੀ। ਜਦੋਂ ਪਹਿਲੇ ਨਵੇਂ ਵਸਨੀਕ ਇੱਥੇ ਆਏ ਤਾਂ ਧਰਤੀ ਤੇ ਜ਼ਿੰਦਾ ਰਹਿਣ ਲਈ ਉਹ ਸਵਦੇਸ਼ੀ ਲੋਕਾਂ ਤੇ ਨਿਰਭਰ ਸਨ। "ਇਨ੍ਹਾਂ ਅਣਪਛਾਤੇ ਇਲਾਕਿਆਂ ਵਿਚ ਪਹਿਲਾਂ ਆਏ ਯੂਰਪੀਅਨ ਖੋਜੀਆਂ ਦੇ ਬਚਾਓ ਲਈ ਸਵਦੇਸ਼ੀ ਲੋਕ ਬੜੇ ਮਹੱਤਵਪੂਰਨ ਸਨ, ਅਤੇ ਬਾਅਦ ਵਿਚ 17ਵੀਂ ਅਤੇ 18ਵੀਂ ਸਦੀ ਦੌਰਾਨ ਕੈਨੇਡਾ ਅਤੇ ਅਮਰੀਕਾ ਵਿਚਕਾਰ ਲੜਾਈਆਂ ਸਮੇਂ ਬਹੁਤ ਕੀਮਤੀ ਫੌਜੀ ਸਹਿਯੋਗੀ ਸਨ"। ਸ਼ੁਰੂ ਵਿਚ ਕੈਨੇਡਾ ਦੇ ਵਿਕਾਸ ਵਿਚ ਸਵਦੇਸ਼ੀ ਲੋਕਾਂ ਦੇ ਯੋਗਦਾਨ ਨੇ ਅੱਜ ਦੇ ਕੈਨੇਡਾ ਦੇ ਨਿਰਮਾਣ ਵਿਚ ਮਦਦ ਕੀਤੀ। ਅਮਰੀਕਾ ਵਿਚ ਅਮਨ ਦੇ ਇਰੋਕਿਓਸ ਕਾਨੂੰਨ ਨੇ ਅਮਰੀਕਾ ਦੇ ਸੰਵਿਧਾਨ ਦੇ ਵਿਕਾਸ ਤੇ ਅਸਰ ਪਾਇਆ।

## ਸੰਪਰਕ ਦੇ ਸਮੇਂ ਸੇਮੀਆਮੂਹ Semiahmoo at the time of contact

"ਸੇਮੀਆਮੂਹ ਲੋਕ ਪਹਿਲਾਂ ਲੰਮੇ ਘਰਾਂ ਵਿਚ ਰਹਿੰਦੇ ਸਨ। ਪਿੰਡ ਦੀ ਇੱਕ ਜਗ੍ਹਾ ਜਿਸ ਨੂੰ ਰੌਬਰਟਸ ਪੁਆਇੰਟ ਕਹਿੰਦੇ ਹਨ ਉੱਥੇ ਪਹਿਲਾਂ 12 ਲੰਮੇ ਘਰ ਸਨ। ਹਰ ਇੱਕ ਲੰਮੇ ਘਰ ਵਿਚ 50 ਤੋਂ 100 ਲੋਕਾਂ ਦਾ ਪਰਵਾਰ ਰਹਿੰਦਾ ਸੀ। ਇਹ ਢਾਂਚੇ ਬਹੁਤ ਵੱਡੇ ਸਨ। ਕਈ ਵਾਰ ਇੱਕ ਕਿੱਲੋਮੀਟਰ ਤੱਕ ਲੰਮੇ। ਹਰ ਨਵੀਂ ਪੀੜ੍ਹੀ ਨੂੰ ਇਸ ਲੰਮੇ ਘਰ ਵਿਚ ਵਸਾਇਆ ਜਾਂਦਾ ਅਤੇ ਪਰਵਾਰਾਂ ਵਿਚਕਾਰ ਚਟਾਈਆਂ ਲਗਾ ਕੇ ਉਨ੍ਹਾਂ ਨੂੰ ਅਲੱਗ ਕੀਤਾ ਜਾਂਦਾ ਸੀ। ਇਸ ਭਾਈਚਾਰਕ ਕਿਸਮ ਦੇ ਵੱਸਣ ਦੇ ਤਰੀਕੇ ਨੇ ਭਾਈਚਾਰੇ ਦੇ ਮੈਂਬਰਾਂ ਵਿਚਕਾਰ ਜਵਾਬਦੇਹੀ ਅਤੇ ਭਾਈਚਾਰਕ ਸਬੰਧਾਂ ਨੂੰ ਮਜ਼ਬੂਤ ਬਣਾਇਆ। ਇਕੱਠਿਆਂ ਹੋਣਾ, ਸ਼ਿਕਾਰ ਕਰਨਾ ਅਤੇ ਖਾਣਾ ਸਾਂਝਾ ਕਰਨਾ ਬਹੁਤ ਲਾਹੇਵੰਦ ਹੁੰਦਾ ਸੀ ਅਤੇ ਪਰਵਾਰ ਅਤੇ ਭਾਈਚਾਰਾ ਇਨ੍ਹਾਂ ਵੱਡੇ ਪਰਵਾਰਕ ਨਿਵਾਸਾਂ ਦੀ ਸਿਹਤ ਲਈ ਕੰਮ ਕਰਦੇ। ਜੋ ਸਵਦੇਸ਼ੀ ਲੋਕ ਅੱਜ ਕਲ ਦੇ "ਇਕੱਲੇ ਪਰਵਾਰਕ" ਜੀਵਨ ਵਾਂਗ ਰਹਿੰਦੇ ਹਨ ਸ਼ਾਇਦ ਆਪਣੇ ਆਪ ਨੂੰ ਬਚਾਅ ਨਾ ਸਕਣ। ਕਈ ਸਵਦੇਸ਼ੀ ਲੋਕ ਜ਼ਮੀਨ ਅਧਾਰਿਤ ਅਤੇ ਸ਼ਹਿਰੀ ਦੋਵੇਂ ਅੱਜ ਕਲ ਵੀ ਕਈ ਪੀੜ੍ਹੀਆਂ ਵਾਲੇ ਘਰਾਂ ਵਿਚ ਰਹਿੰਦੇ ਹਨ"।

-ਹਾਰਲੇ ਚੈਪਲ ਮੁਖੀ



### ਇਕੱਲੇ ਪਰਵਾਰ ਵਾਲਾ ਖ਼ਿਆਲ ਮੁਕਾਬਲਤਨ ਨਵਾਂ ਸੰਕਲਪ ਹੈ:

"ਅਸੀਂ ਇਕੱਲੇ ਪਰਵਾਰ ਵਿਚ ਵੱਡੇ ਹੋਏ ਹਾਂ, ਇੱਕ ਪਰਵਾਰ ਤੁਸੀਂ ਜਾਣਦੇ ਹੋ, ਮੈਂ ਅਤੇ ਮੇਰੇ ਮਾਤਾ ਪਿਤਾ। ਹੁਣ ਮੇਰੀ ਸ਼ਾਦੀ ਹੋ ਗਈ ਹੈ, ਮੈਂ ਆਪਣੀ ਪਤਨੀ ਦੇ ਭਾਈਚਾਰੇ ਵਿਚ ਚਲਾ ਗਿਆ ਹਾਂ, ਉਸ ਦੀ ਮਾਂ ਦੇ ਘਰ। ਅਸੀਂ ਘਰ ਵਿਚ ਬਹੁਤ ਕੰਮ ਕੀਤਾ ਹੈ ਅਤੇ ਮੇਰਾ ਸਹੁਰਾ ਪਰਵਾਰ ਵੀ ਵਿੱਚੇ ਹੀ ਰਹਿੰਦਾ ਹੈ। ਇਹ ਬਹੁਤ ਚੰਗਾ ਹੈ। ਸਾਨੂੰ ਪਰਵਾਰਕ ਢਾਂਚੇ ਅਤੇ ਪਰਵਾਰਕ ਰਿਸ਼ਤਿਆਂ ਵਿਚ ਤਬਦੀਲੀ ਕਰਨ ਯੋਗ ਹੋਣਾ ਚਾਹੀਦਾ ਹੈ। ਇਕੱਲਾ ਪਰਵਾਰਕ ਸਿਸਟਮ ਸਾਡਾ ਨਹੀਂ। ਬੱਚੇ ਦਾਦਾ ਦਾਦੀ ਕੋਲ ਰਹਿ ਕੇ ਵੱਡੇ ਹੋਣ, ਬਜ਼ੁਰਗਾਂ ਕੋਲ ਰਹਿ ਕੇ ਸਿੱਖਣ ਅਤੇ ਸਮਝਣ ਦੇ ਮਹੱਤਵ ਨੂੰ ਸਾਨੂੰ ਸਵੀਕਾਰ ਕਰਨਾ ਚਾਹੀਦਾ ਹੈ"।

-ਹਾਰਲੇ ਚੈਪਲ ਮੁਖੀ

# ਸਰਹੱਦਾਂ Borders



ਉੱਤਰੀ ਅਮਰੀਕਾ ਵਿਚ, ਸਵਦੇਸ਼ੀ ਲੋਕਾਂ ਦੇ ਸਰਹੱਦਾਂ ਤੇ ਕੁੱਝ ਇਲਾਕੇ ਇੱਕ ਦੂਜੇ ਨਾਲ ਸਾਂਝੇ ਹੁੰਦੇ ਸਨ। ਪਰੰਪਰਾਗਤ ਸ਼ਿਕਾਰ ਕਰਨ, ਮੱਛੀਆਂ ਫੜਨ ਅਤੇ ਇਕੱਠੇ ਮੈਦਾਨਾਂ ਨੂੰ ਸਾਂਝੇ ਕਰਨ ਲਈ ਸ਼ਿਸ਼ਟਾਚਾਰ, ਰਿਸ਼ਤੇਦਾਰੀਆਂ ਅਤੇ ਆਪਸ ਵਿਚ ਸ਼ਾਦੀਆਂ ਕੀਤੀਆਂ ਜਾਂਦੀਆਂ ਸਨ। ਜਦੋਂ ਕੈਨੇਡਾ ਹੋਂਦ ਵਿਚ ਆਇਆ ਤਾਂ ਕੈਨੇਡਾ ਅਤੇ ਅਮਰੀਕਾ ਦੀ ਸਰਹੱਦ ਨੇ ਕਈ ਭਾਈਚਾਰਿਆਂ ਦੇ ਇਲਾਕਿਆਂ ਨੂੰ ਅੱਧਾ ਅੱਧਾ ਕਰ ਦਿੱਤਾ। ਸੇਮੀਆਮੂਹ ਇਲਾਕੇ ਦੀ ਨੇਸ਼ਨ ਨੂੰ ਇਹ ਚੁਣਨਾ ਪਿਆ ਕਿ ਭਾਈਚਾਰਾ ਸਰਹੱਦ ਦੇ ਕਿਸ ਪਾਸੇ ਜਾਏਗਾ। ਇਸ ਜ਼ਬਰਦਸਤੀ ਪੁਨਰ ਸਥਾਪਨ ਦੇ ਭਾਈਚਾਰੇ ਤੇ ਬਹੁਤ ਗੰਭੀਰ ਨਤੀਜੇ ਸਨ।

ਬਰੁੱਕਸ ਆਰਕੈਂਡ ਪਾਲ ਕਹਿੰਦਾ ਹੈ, "ਸਰਹੱਦਾਂ ਬਸਤੀਵਾਦ ਦੀ ਦੇਣ ਹਨ। ਸਰਹੱਦਾਂ ਦਾ ਫੈਸਲਾ ਇੱਕਪਾਸੜ ਸੀ, ਬਿਨਾਂ ਸਵਦੇਸ਼ੀ ਨੇਸ਼ਨਜ਼ ਦੀ ਸਲਾਹ ਦੇ ਜਿਨ੍ਹਾਂ ਤੇ ਸਭ ਤੋਂ ਵੱਧ ਅਸਰ ਹੋਣਾ ਸੀ...ਕੈਨੇਡੀਅਨ ਸੰਸਥਾਵਾਂ ਨੂੰ ਇਹ ਖਿਆਲ ਛੱਡ ਦੇਣਾ ਚਾਹੀਦਾ ਹੈ ਕਿ ਸਵਦੇਸ਼ੀ ਨੇਸ਼ਨਜ਼ ਕਿਸੇ ਇੱਕ ਜਾਂ ਦੂਜੇ ਮੁਲਕ ਨਾਲ ਬੱਝੀਆਂ ਹੋਈਆਂ ਹਨ"।

2019 ਵਿਚ ਸੁਪਰੀਮ ਕੋਰਟ ਦੀ ਅਪੀਲ ਵਿਚ ਆਰ.ਵੀ. ਡੈਸੋਟੇਲ (R v. Desautel) ਨੇ ਇਹ ਪੁਸ਼ਟੀ ਕੀਤੀ ਕਿ ਜਿਹੜੇ ਲੋਕ ਅੰਤਰਰਾਸ਼ਟਰੀ ਸੀਮਾ ਕਾਰਨ ਆਪਣੇ ਬਜ਼ੁਰਗਾਂ ਦੇ ਇਲਾਕੇ ਤੋਂ ਅਲੱਗ ਹੋ ਗਏ ਹਨ ਅਤੇ ਕੈਨੇਡਾ ਤੋਂ ਬਾਹਰ ਰਹਿੰਦੇ ਹਨ ਉਹ ਕੈਨੇਡੀਅਨ ਸੰਵਿਧਾਨ ਦੀ ਧਾਰਾ 35 ਅਧੀਨ ਆਪਣੇ ਅਧਿਕਾਰਾਂ ਦੇ ਹੱਕਦਾਰ ਹੋ ਸਕਦੇ ਹਨ।

# ਸਵਦੇਸ਼ੀ ਅਤੇ ਪੱਛਮੀ ਵਿਸ਼ਵ ਦ੍ਰਿਸ਼ਟੀ ਦਾ ਟਕਰਾਅ Clash of Indigenous & Western Worldviews

ਮੁਖੀ ਹਾਰਲੇ ਚੈਪਲ ਸਵਦੇਸ਼ੀ ਅਤੇ ਪੱਛਮੀ ਵਿਸ਼ਵ ਦ੍ਰਿਸ਼ਟੀ ਦੇ ਟਕਰਾਅ ਦੀ ਉਸ ਸਮੇਂ ਦੀ ਗਲ ਕਰਦਾ ਹੈ ਜਦੋਂ ਸੋਨੇ ਦੀ ਭਾਲ ਲਈ ਬਹੁਤ ਜ਼ਿਆਦਾ ਨਵੇਂ ਨਿਵਾਸੀ ਬੀ.ਸੀ. ਵਿਚ ਆਉਣੇ ਸ਼ੁਰੂ ਹੋਏ:

ਬੀ.ਸੀ. ਵਿਚ ਸੰਪਰਕ ਦੌਰਾਨ, ਵਿਸ਼ਵ ਦ੍ਰਿਸ਼ਟੀਕੋਣ ਬਾਰੇ ਟਕਰਾਅ ਸੀ। ਸਵਦੇਸ਼ੀ ਦ੍ਰਿਸ਼ਟੀਕੋਣ ਕੁਦਰਤ ਦਾ ਹਿੱਸਾ ਬਣ ਕੇ ਉਸ ਨਾਲ ਜੁੜੇ ਰਹਿਣ ਦਾ ਸੰਕਲਪ ਹੈ। ਮੈਨੂੰ ਯਕੀਨ ਹੈ ਕਿ ਤੁਸੀਂ ਸੁਣਿਆ ਹੋਵੇਗਾ ਕਿ ਸਵਦੇਸ਼ੀ ਲੋਕ "ਜ਼ਰੂਰਤ ਤੋਂ ਜ਼ਿਆਦਾ ਨਹੀਂ ਲੈਂਦੇ"। ਸਾਡੇ ਵਿਸ਼ਵ ਦ੍ਰਿਸ਼ਟੀਕੋਣ ਦਾ ਇਹ ਵੱਡਾ ਹਿੱਸਾ ਹੈ। ਇਹ ਆਪਸੀ ਲੈਣ ਦੇਣ ਦੇ ਸਬੰਧ ਤੇ ਅਧਾਰਿਤ ਹੈ ਨਾ ਕਿ ਜ਼ਬਰਦਸਤੀ ਲੈਣ ਤੇ। ਵਿਸ਼ਵ ਦ੍ਰਿਸ਼ਟੀਕੋਣ ਦਾ ਦੂਜਾ ਵੱਡਾ ਫਰਕ ਮਾਲਕੀ ਬਾਰੇ ਸਾਡਾ ਦ੍ਰਿਸ਼ਟੀਕੋਣ ਯੂਰਪੀਅਨਾਂ ਨਾਲੋਂ ਵੱਖਰਾ ਹੋਣ ਦਾ ਸੀ।

ਇਹ ਸਮਝਾਉਣ ਲਈ ਮੈਂ ਇੱਕ ਕਹਾਣੀ ਸਾਂਝੀ ਕਰਦਾ ਹਾਂ। ਮਲਕੀਅਤ ਬਾਰੇ ਇਹ ਕਹਾਣੀ ਮੈਨੂੰ ਸਟੋਹਲੋ (Sto:lo) ਇਲਾਕੇ ਦੇ ਬਜ਼ੁਰਗ ਨੇ ਸੁਣਾਈ ਸੀ। ਉਸ ਨੇ ਦੱਸਿਆ ਕਿ 1800 ਵੀਂ ਸਦੀ ਦੇ ਅੱਧ ਤੋਂ ਅੰਤ ਤੱਕ ਜਦੋਂ ਸੋਨੇ ਦੀ ਖੋਜ ਲਈ ਬਹੁਤ ਭੀੜ ਇਕੱਠੀ ਹੋਈ, ਇਕ ਸੋਨੇ ਦੀ ਖਾਣ ਦਾ ਖਣਨਕਰਤਾ ਆਇਆ ਅਤੇ ਕਹਿੰਦਾ ਕਿ "ਇਹ ਕਿਸ ਦਾ ਇਲਾਕਾ ਹੈ"?

ਸਟੋਲਏ ਸਵਦੇਸ਼ੀ ਨੇ ਕਿਹਾ, "ਇਹ ਮੇਰਾ ਹੈ। ਇਹ ਸਾਡਾ ਹੈ"। ਉਸ ਸੋਨੇ ਦੇ ਖਣਨਹਾਰੇ ਨੇ ਸਟੋਹਲੋ ਵਿਅਕਤੀ ਨੂੰ ਕਿਹਾ ਕਿ ਮੈਂ ਇਸ ਨੂੰ ਖ਼ਰੀਦਣਾ ਚਾਹੁੰਦਾ ਹਾਂ। ਉਹ ਦੋਨੋਂ ਮੁਸਕਰਾਏ ਕਿਉਂਕਿ ਸਵਦੇਸ਼ੀ ਵਿਸ਼ਵ ਦ੍ਰਿਸ਼ਟੀਕੋਣ ਮੁਤਾਬਿਕ ਅਸੀਂ ਮਾਲਕ ਨਹੀਂ, ਅਸੀਂ ਇਸ ਦੇ ਮਾਲਕ ਨਹੀਂ ਹੋ ਸਕਦੇ, ਅਸੀਂ ਕਦੇ ਮਾਲਕ ਨਹੀਂ ਹੋਵਾਂਗੇ ਅਸੀਂ ਸਿਰਫ਼ ਅਗਲੀਆਂ ਪੀੜ੍ਹੀਆਂ ਲਈ ਸੰਭਾਲ ਰਹੇ ਹਾਂ। ਜਦ ਕਿ ਪੱਛਮੀ ਵਿਸ਼ਵ ਦ੍ਰਿਸ਼ਟੀਕੋਣ ਜ਼ਮੀਨ ਦੀ ਮਲਕੀਅਤ ਅਤੇ ਉਸ ਵਿਚੋਂ ਲਾਭ ਲੈਣ ਦਾ ਸੀ। ਖਣਨਹਾਰੇ ਨੇ ਕਿਹਾ,"ਹੁਣ ਮੈਂ ਇਸ ਦਾ ਮਾਲਕ ਹਾਂ ਇਹ ਮੇਰੀ ਜ਼ਮੀਨ ਹੈ ਅਤੇ ਇਸ ਤੇ ਮੇਰਾ ਅਧਿਕਾਰ ਹੈ"।

ਇਹ ਦੋ ਵਿਰੋਧੀ ਵਿਸ਼ਵ ਦ੍ਰਿਸ਼ਟੀਕੋਣ ਦੇ ਟਕਰਾਅ ਦੀ ਪਹਿਲੀ ਮਿਸਾਲ ਸੀ। ਜਦੋਂ ਖਣਨਹਾਰਾ ਦੁਬਾਰਾ ਆਇਆ ਤਾਂ ਉਸ ਨੇ ਸਵਦੇਸ਼ੀ ਨੂੰ ਥੋੜ੍ਹਾ ਜਿਹਾ ਇਵਜ਼ਾਨਾ ਦਿੱਤਾ। ਇਸ ਤੋਂ ਬਾਅਦ ਦੋਵੇਂ ਹੱਸਦੇ ਹੱਸਦੇ ਚਲੇ ਗਏ ਕਿਉਂ ਕਿ ਸਵਦੇਸ਼ੀ ਦੇ ਦ੍ਰਿਸ਼ਟੀਕੋਣ ਤੋਂ ਤੁਸੀਂ ਮਾਲਕ ਬਣ ਹੀ ਨਹੀਂ ਸਕਦੇ। ਸਵਦੇਸ਼ੀ ਦੇ ਵਿਸ਼ਵ ਦ੍ਰਿਸ਼ਟੀਕੋਣ ਤੋਂ ਉਸ ਨੂੰ ਕੁੱਝ ਪੈਸੇ ਮਿਲ ਗਏ ਜਿਸ ਦਾ ਉਹ ਮਾਲਕ ਹੀ ਨਹੀਂ ਸੀ।

ਖਣਨਹਾਰਾ ਵੀ ਖੁਸ਼ ਸੀ ਅਤੇ ਕਹਿੰਦਾ ਕਿ,"ਮੈਨੂੰ ਇਹ ਜ਼ਮੀਨ ਬਹੁਤ ਸਸਤੀ ਮਿਲ ਗਈ ਹੈ"। ਬਹੁਤ ਸਾਲ ਬੀਤ ਗਏ ਅਤੇ ਸਟੋਹਲੋ ਵਿਅਕਤੀ ਜ਼ਮੀਨ ਤੇ ਵਾਪਸ ਆਇਆ ਅਤੇ ਵੇਖਦਾ ਹੈ ਕਿ ਜ਼ਮੀਨ ਦੁਆਲੇ ਵਾੜ ਲੱਗੀ ਹੋਈ ਹੈ। ਇਹ ਵਿਸ਼ਵ ਦ੍ਰਿਸ਼ਟੀਕੋਣਾਂ ਦੇ ਟਕਰਾਅ ਦੀ ਸ਼ੁਰੂਆਤ ਸੀ।
ਅਤੇ ਉਸ ਸਮੇਂ ਤੋਂ ਇਹ ਟਕਰਾਅ ਉਸੇ ਤਰ੍ਹਾਂ ਚੱਲ ਰਿਹਾ ਹੈ"।

> "ਅਸੀਂ ਇਸ ਦੇ ਮਾਲਕ ਨਹੀਂ, ਅਸੀਂ ਇਸ ਦੇ ਮਾਲਕ ਨਹੀਂ ਹੋ ਸਕਦੇ, ਅਸੀਂ ਕਦੀ ਮਾਲਕ ਨਹੀਂ ਹੋਵਾਂਗੇ ਅਸੀਂ ਸਿਰਫ਼ ਅਗਲੀਆਂ ਪੀੜ੍ਹੀਆਂ ਲਈ ਸੰਭਾਲ ਰਹੇ ਹਾਂ


# ਸਰੀ Surrey

## ਸ਼ਹਿਰੀ ਸਵਦੇਸ਼ੀ ਅਤੇ ਮੈਟਿਸ ਭਾਈਚਾਰਾ
## Urban Indigenous and Métis Community

### ਸਰੀ ਵਿਚ ਸਵਦੇਸ਼ੀ ਭਾਈਚਾਰੇ Indigenous Communities in Surrey

ਬੀ.ਸੀ. ਵਿਚ ਸਰੀ ਸਵਦੇਸ਼ੀ ਲੋਕਾਂ ਦੀ ਅਬਾਦੀ ਦਾ ਸਭ ਤੋਂ ਵੱਡਾ ਘਰ ਹੈ। ਕੈਨੇਡਾ ਦੀ 60% ਸਵਦੇਸ਼ੀ ਅਬਾਦੀ ਆਪਣੇ ਰਿਜ਼ਰਵ ਇਲਾਕਿਆਂ ਜਾਂ ਘਰਾਂ ਤੋਂ ਬਾਹਰ ਦੂਰ ਰਹਿੰਦੀ ਹੈ। ਕਿਉਂਕਿ ਰਿਜ਼ਰਵ ਬਹੁਤ ਛੋਟੇ ਹਨ ਅਤੇ ਸਹੂਲਤਾਂ ਬਹੁਤ ਘੱਟ ਹਨ ਇਸ ਲਈ ਪਰਫੁਲਿਤ ਹੋਣ ਲਈ ਆਰਥਕ ਮੌਕੇ ਜ਼ਿਆਦਾ ਉਪਲਬਧ ਨਹੀਂ ਹਨ। ਸਾਰੇ ਮੈਂਬਰਾਂ ਲਈ ਰਿਜ਼ਰਵ ਵਿਚ ਰਿਹਾਇਸ਼ ਦੀ ਵੀ ਤੰਗੀ ਹੈ। ਕਈ ਸਵਦੇਸ਼ੀ ਲੋਕ ਮੌਕਿਆਂ ਦੀ ਭਾਲ ਵਿਚ ਆਪਣੇ ਘਰਾਂ ਤੋਂ ਦੂਰ ਸ਼ਹਿਰਾਂ ਵਿਚ ਚਲੇ ਜਾਂਦੇ ਹਨ। ਕੁੱਝ ਲੋਕ ਬੇਘਰੇ ਹੋ ਗਏ ਕਿਉਂਕਿ 60ਵੇਂ ਦਹਾਕੇ ਦੌਰਾਨ ਉਨ੍ਹਾਂ ਨੂੰ ਸਰਕਾਰੀ ਦੇਖਭਾਲ ਵਿਚ ਰੱਖਿਆ ਗਿਆ ਸੀ ਜਾਂ ਬੱਚਿਆਂ ਨੂੰ ਕਿਸੇ ਹੋਰ ਦੀ ਦੇਖਭਾਲ ਰੱਖਿਆ ਗਿਆ ਸੀ। ਸਰੀ ਵਿਚ ਸਵਦੇਸ਼ੀ ਲੋਕ ਕਹਿੰਦੇ ਹਨ ਕਿ ਅਸੀਂ "ਦਿਖਾਈ ਨਹੀਂ ਦਿੰਦੇ" ਜਾਂ ਇੱਕ ਦੂਜੇ ਤੋਂ ਅਤੇ ਆਪਣੇ ਸਭਿਆਚਾਰ ਤੋਂ "ਕੱਟੇ ਹੋਏ" ਮਹਿਸੂਸ ਕਰਦੇ ਹਾਂ। ਸਰੀ ਵਿਚ ਸਵਦੇਸ਼ੀ ਲੋਕਾਂ ਦੇ ਇਕੱਠਾਂ ਜਿਹੀਆਂ ਬੁਨਿਆਦੀ ਸਹੂਲਤਾਂ ਦਾ ਬੰਦੋਬਸਤ ਨਹੀਂ ਹੈ। ਸਰੀ ਵਿਚ ਸਵਦੇਸ਼ੀ ਭਾਈਚਾਰੇ ਲਈ 5 ਸੰਸਥਾਵਾਂ ਹਨ ਜਦ ਕਿ ਉਤਨੀ ਹੀ ਅਬਾਦੀ ਲਈ ਵੈਨਕੂਵਰ ਵਿਚ 28 ਹਨ। ਇਸ ਦਾ ਮਤਲਬ ਹੈ ਕਿ ਸਵਦੇਸ਼ੀ ਲੋਕਾਂ ਲਈ ਸਰੀ ਵਿਚ ਸੇਵਾਵਾਂ ਅਤੇ ਪ੍ਰੋਗਰਾਮਾਂ ਦੀ ਕਮੀ ਹੈ ਅਤੇ ਬਦਕਿਸਮਤੀ ਨੂੰ ਇਸੇ ਲਈ ਇਸ ਅਬਾਦੀ ਨੂੰ ਚੁਨੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਚਿੱਤਰ 1 ਸਵਦੇਸ਼ੀ ਅਬਾਦੀ ਸਵਦੇਸ਼ੀ ਪਹਿਚਾਣ ਸਮੇਤ 2016





*Source: Custom Data Organization from Statistics Canada, Census 2016*

ਸਰੀ ਸ਼ਹਿਰੀ ਸਵਦੇਸ਼ੀ ਲੀਡਰਸ਼ਿਪ ਗੱਠਜੋੜ (ਐੱਸ.ਯੂ.ਆਈ.ਐੱਲ.ਸੀ.) ਅਨੁਸਾਰ ਸਰੀ ਵਿਚ ਸਵਦੇਸ਼ੀ ਅਬਾਦੀ ਬਾਰੇ ਕੱਝ ਤੱਥ:

- ਸ਼ਹਿਰੀ ਅਬਾਦੀ ਜਵਾਨ ਹੈ ਅਤੇ ਤੇਜ਼ੀ ਨਾਲ ਵਧ ਰਹੀ ਹੈ
- ਸਰੀ ਵਿਚ ਸਾਲਾਨਾ ਔਸਤਨ ਵਾਧੇ ਦੀ ਦਰ 4.9% ਹੈ ਜਦ ਕਿ ਵੈਨਕੂਵਰ ਵਿਚ 1.2% ਹੈ
- "ਇਸ ਵਾਧੇ ਦੀ ਦਰ (ਚਿੱਤਰ 2) ਦੇ ਅਧਾਰ ਤੇ ਸਾਨੂੰ ਭਰੋਸਾ ਹੈ ਕਿ ਬੀ.ਸੀ. ਵਿਚ ਸਰੀ ਹੁਣ ਸਭ ਤੋਂ ਵੱਧ ਸਵਦੇਸ਼ੀ ਅਬਾਦੀ ਹੈ ਅਤੇ ਅਗਲੇ 25 ਸਾਲਾਂ ਵਿਚ ਇਹ ਅਬਾਦੀ ਵੈਨਕੂਵਰ ਨਾਲੋਂ ਦੁਗਣੀ ਹੋ ਜਾਏਗੀ"।

- ਸਾਰੇ ਬੀ.ਸੀ. ਅਤੇ ਕੈਨੇਡਾ ਵਿਚੋਂ ਸਰੀ ਵਿਚ ਸਵਦੇਸ਼ੀ ਅਬਾਦੀ ਦਾ 55% ਫ਼ਸਟ ਨੇਸਨਜ਼ ਹਨ, ਜੋ ਕਈ ਨੇਸ਼ਨਜ਼, ਕਈ ਸਭਿਆਚਾਰਾਂ ਅਤੇ ਬੋਲੀਆਂ ਦੀ ਪ੍ਰਤੀਨਿਧਤਾ ਕਰਦੇ ਹਨ
- "ਸਵਦੇਸ਼ੀ ਲੋਕ ਸਾਰੇ ਸਰੀ ਵਿਚ ਰਹਿੰਦੇ ਹਨ। ਉੱਤਰੀ ਸਰੀ ਕਈ ਸਵਦੇਸ਼ੀ ਲੋਕਾਂ ਲਈ ਘਰ ਹੈ... ਇਸੇ ਤਰ੍ਹਾਂ ਹੀ ਨਿਊਟਨ, ਕਲੋਵਰਡੇਲ, ਅਤੇ ਦੱਖਣੀ ਸਰੀ ਹਨ" (ਐੱਸ.ਯੂ.ਆਈ.ਐੱਲ.ਸੀ. 2019)
- ਸਰੀ ਵਿਚ ਸਵਦੇਸ਼ੀ ਲੋਕਾਂ ਦੀ ਔਸਤਨ ਉਮਰ 28 ਸਾਲ ਹੈ ਇਸ ਦੇ ਮੁਕਾਬਲੇ ਵੈਨਕੂਵਰ ਵਿਚ ਸਵਦੇਸ਼ੀ ਲੋਕਾਂ ਦੀ ਉਮਰ 33 ਹੈ। ਸਰੀ ਵਿਚ ਸਾਰੀ ਅਬਾਦੀ ਦੀ ਔਸਤਨ ਉਮਰ 38 ਸਾਲ ਹੈ ਅਤੇ ਵੈਨਕੂਵਰ ਵਿਚ 39 ਸਾਲ ਹੈ (ਐੱਸ.ਯੂ.ਆਈ.ਐੱਲ.ਸੀ. 2019)
- ਤਕਰੀਬਨ ਅੱਧੀ (45%) ਅਬਾਦੀ 24 ਸਾਲ ਤੋਂ ਘੱਟ ਉਮਰ ਦੀ ਹੈ। 0-14 ਸਾਲ ਦੀ ਉਮਰ ਦੇ 3,655 ਸਵਦੇਸ਼ੀ ਬੱਚੇ ਸਰੀ ਵਿਚ ਰਹਿ ਰਹੇ ਹਨ, ਜੋ ਸਵਦੇਸ਼ੀ ਅਬਾਦੀ ਦਾ ਤਕਰੀਬਨ 30% ਬਣਦੇ ਹਨ।



# ਸਰੀ ਵਿਚ ਮੈਟਿਸ ਭਾਈਚਾਰਾ
# Métis Community in Surrey

ਕੈਨੇਡਾ ਵਿਚ ਮੈਟਿਸ ਲੋਕ ਇੱਕ ਅਲੱਗ ਭਾਈਚਾਰਕ ਗਰੁੱਪ ਹੈ। ਮੈਟਿਸ ਭਾਈਚਾਰਾ 17ਵੀਂ ਅਤੇ 18ਵੀਂ ਸਦੀ ਵਿਚ ਫ਼ਰੈਂਚ ਜਾਂ ਸਕੌਟਿਸ਼ ਮਰਦਾਂ ਨਾਲ ਸਵਦੇਸ਼ੀ ਔਰਤਾਂ ਦੀ ਸ਼ਾਦੀ ਦੀ ਪੈਦਾਇਸ਼ ਹੈ। ਮੈਟਿਸ ਲੋਕਾਂ ਨੇ ਆਪਣਾ ਸਭਿਆਚਾਰ ਵਿਕਸਤ ਕੀਤਾ ਅਤੇ ਆਪਣਾ ਭਾਈਚਾਰਾ ਬਣਾਇਆ। ਮੈਨੀਟੋਬਾ ਵਿਚ ਲਾਲ ਰਿਵਰ ਦੀ ਬਸਤੀ ਦਾ ਮੈਟਿਸ ਲੋਕਾਂ ਲਈ ਬਹੁਤ ਸਭਿਆਚਾਰਕ ਮਹੱਤਵ ਹੈ।

ਮੈਟਿਸ ਲੋਕ ਇੰਡੀਅਨ ਐਕਟ ਅਧੀਨ ਨਹੀਂ ਆਉਂਦੇ, ਕੈਨੇਡਾ ਵਿਚ ਕੁੱਝ ਮੈਟਿਸ ਬਸਤੀਆਂ ਬਣਾਈਆਂ ਗਈਆਂ ਸਨ। ਬਦਕਿਸਮਤੀ ਨਾਲ ਉਨ੍ਹਾਂ ਦੀ ਜ਼ਿਆਦਾਤਰ ਜ਼ਮੀਨ ਤੇ ਨਵੇਂ ਆਏ ਨਿਵਾਸੀਆਂ ਨੇ ਗੈਰਕਾਨੂੰਨੀ ਕਬਜ਼ਾ ਕਰ ਲਿਆ ਹੈ।

1885 ਵਿਚ ਕੈਨੇਡੀਅਨ ਸਰਕਾਰ ਨੇ ਲੂਇਸ ਰੀਲ ਨੂੰ ਮੈਟਿਸ ਲੋਕਾਂ ਦੇ ਮੁਲਕ ਅਤੇ ਹੱਕਾਂ ਦੀ ਸੁਰੱਖਿਆ ਲਈ ਲੜਨ ਕਾਰਨ ਫਾਂਸੀ ਦੇ ਦਿੱਤੀ। ਉਸੇ ਸਾਲ ਕੈਨੇਡੀਅਨ ਸਰਕਾਰ ਨੇ ਮੈਟਿਸ ਪਰਵਾਰਾਂ ਨੂੰ ਮੈਟਿਸ ਸਕ੍ਰਿਪ ਨਾਮ ਦੀ ਮੁਦਰਾ ਦਿੱਤੀ, ਜਿਸ ਦੇ ਬਦਲੇ ਜ਼ਮੀਨ ਜਾਂ ਪੈਸੇ ਲਏ ਜਾ ਸਕਦੇ ਸਨ। ਕਈ ਮੈਟਿਸ ਲੋਕਾਂ ਨੇ ਸਕ੍ਰਿਪ ਦੀ ਵਰਤੋਂ ਕਰ ਕੇ ਆਪਣੀਆਂ ਜ਼ਮੀਨਾਂ ਗਵਾ ਲਈਆਂ ਅਤੇ ਉਹ ਬੇਘਰ ਹੋ ਗਏ। ਫੈਡਰਲ ਸਰਕਾਰ ਨੂੰ ਇਸ ਸਿਸਟਮ ਦੀਆਂ ਖ਼ਾਮੀਆਂ ਦਾ ਪਤਾ ਸੀ, ਅਤੇ ਇਨ੍ਹਾਂ ਖ਼ਾਮੀਆਂ ਦਾ ਫ਼ਾਇਦਾ ਮੈਟਿਸ ਲੋਕਾਂ ਦੇ ਵਿਰੁੱਧ ਉਠਾਇਆ ਗਿਆ।

ਮੈਟਿਸ ਲੋਕਾਂ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਫੈਡਰਲ ਸਰਕਾਰ ਨਾਲ ਸੰਘਰਸ਼ ਕਰਨਾ ਪੈ ਰਿਹਾ ਹੈ, ਹਾਲਾਂਕਿ ਮੈਟਿਸ ਲੋਕਾਂ ਨੂੰ ਕਾਨੂੰਨ ਜਿਵੇਂ ਕਿ ਇੰਡੀਅਨ ਐਕਟ ਵਿਚ ਸ਼ਾਮਲ ਕਰਨ ਲਈ ਤਬਦੀਲੀਆਂ ਕੀਤੀਆਂ ਗਈਆਂ ਹਨ ਤਾਂ ਕਿ ਇਨ੍ਹਾਂ ਨੂੰ ਵੀ ਉਹ ਹੀ ਹੱਕ ਪ੍ਰਾਪਤ ਹੋ ਜਾਣ ਜੋ ਸਟੇਟਸ ਵਾਲੇ ਵਿਅਕਤੀਆਂ ਕੋਲ ਹਨ। 17 ਅਪ੍ਰੈਲ 2014 ਨੂੰ ਫੈਡਰਲ ਕੋਰਟ ਆਫ਼ ਅਪੀਲ ਨੇ ਇੱਕ ਫ਼ੈਸਲਾ ਸੁਣਾਇਆ ਹੈ ਡੇਨੀਅਲਜ਼ ਬਨਾਮ ਕੈਨੇਡਾ, 2014। ਇਸ ਫ਼ੈਸਲੇ ਮੁਤਾਬਿਕ ਮੈਟਿਸ ਅਤੇ ਨਾਨ-ਸਟੇਟਸ ਇੰਡੀਅਨਾਂ ਦੇ ਉਹੀ ਅਧਿਕਾਰ ਹੋਣਗੇ ਜੋ ਫ਼ਸਟ ਨੇਸ਼ਨਜ਼ ਦੇ ਹਨ।

ਬੀ.ਸੀ. ਵਿਚ 70,000 ਲੋਕ ਹਨ ਜੋ ਆਪਣੇ ਆਪ ਨੂੰ ਮੈਟਿਸ ਕਹਿੰਦੇ ਹਨ। ਸਰੀ ਵਿਚ ਮੈਟਿਸ ਲੋਕ ਸਵਦੇਸ਼ੀ ਅਬਾਦੀ ਦਾ 45% ਹਨ। ਇਸ ਦੇ ਬਾਵਜੂਦ ਮੈਟਿਸ ਲੋਕ ਆਪਣੀ ਮਾਨਤਾ ਅਤੇ ਜਗ੍ਹਾ ਲਈ ਅਕਸਰ ਲੜਦੇ ਹਨ।



# ਸਵਦੇਸ਼ੀ ਹੱਕ ਅਤੇ ਟਾਈਟਲ ਕੈਨੇਡੀਅਨ ਨੀਤੀ

# Indigenous Rights & Title Canadian Policy

ਕੈਨੇਡਾ ਦੇ ਸਵਦੇਸ਼ੀ ਲੋਕਾਂ ਦੇ ਹੱਕਾਂ ਅਤੇ ਟਾਈਟਲ ਤੇ ਨੀਤੀ ਅਤੇ ਕਾਨੂੰਨਾਂ ਅਤੇ ਕੁਝ ਹੋਰਾਂ ਦੇ ਕੀ ਅਸਰ ਪੈ ਰਹੇ ਹਨ ਉਸ ਦਾ ਹੇਠਾਂ ਦਿੱਤੇ ਸੈਕਸ਼ਨਜ਼ ਵਿਚ ਵਰਣਨ ਕੀਤਾ ਜਾਏਗਾ।


## ਪੇਪਲ ਬੁਲਜ਼ Papal Bulls

ਪੇਪਲ ਬੁਲ ਕੈਥੋਲਿਕ ਪੋਪ ਵੱਲੋਂ ਜਾਰੀ ਕੀਤਾ ਇੱਕ ਜਨਤਕ ਆਦੇਸ਼ ਹੈ। 1445 ਵਿਚ ਪੋਪ ਨਿਕੋਲਾਸ V ਵੱਲੋਂ ਪੇਪਲ ਬੁਲ ਰੋਮਨਜ਼ ਪੋਂਟੀਫੈਕਸ ਅਤੇ 1495 ਵਿਚ ਪੋਪ ਅਲੈਗਜ਼ੈਂਡਰ VI ਨੇ ਪੇਪਲ ਬੁਲ ਇੰਟਰ ਸੇਟੇਰਾ ਜਾਰੀ ਕੀਤੇ। ਇਨ੍ਹਾਂ ਦਸਤਾਵੇਜ਼ਾਂ ਨੇ ਸਪੇਨ ਅਤੇ ਪੁਰਤਗਾਲ ਨੂੰ ਉੱਤਰੀ ਅਮਰੀਕਾ ਵਿਚ ਬਸਤੀਆਂ ਬਣਾਉਣ ਦੀ ਆਗਿਆ ਦਿੱਤੀ ਅਤੇ ਆਦੀਵਾਸੀ ਲੋਕਾਂ ਨੂੰ "ਇਨਸਾਨਾ ਤੋਂ ਘੱਟ" ਮੰਨਿਆ। ਇਨ੍ਹਾਂ ਨੇ ਅਫਰੀਕਾ ਵਿਚ ਗੁਲਾਮਾਂ ਦਾ ਵਿਪਾਰ ਕਰਨਾ ਜਾਇਜ਼ ਠਹਿਰਾਇਆ। ਇਸ ਤਰੀਕੇ ਨਾਲ ਬਸਤੀਵਾਦੀ ਦੀਆਂ ਪਹਿਲੀਆਂ ਕਾਰਵਾਈਆਂ ਕਾਰਨ ਦੁਨੀਆ ਵਿਚ ਨਸਲਕੁਸ਼ੀ ਦਾ ਦੌਰ ਚੱਲਿਆ।

ਵੈਟੀਕਨ ਦੇ ਇਹ ਨਿਰਦੇਸ਼ ਕੈਨੇਡਾ ਅਤੇ ਅਮਰੀਕਾ ਲਈ ਕਈ ਸਦੀਆਂ ਲਈ ਕਾਨੂੰਨਾਂ ਦਾ ਅਧਾਰ ਬਣ ਗਏ ਅਤੇ ਆਦੀਵਾਸੀ ਲੋਕਾਂ ਵਿਰੁੱਧ ਵਿਤਕਰੇ ਵਾਲੇ ਸਲੂਕ ਲਈ ਖੁੱਲ੍ਹ ਮਿਲੀ। ਖੋਜ ਦਾ ਅਸੂਲ ਰੋਮਨਜ਼ ਪੋਂਟੀਫੈਕਸ ਦਾ ਇੱਕ ਹਿੱਸਾ ਹੈ ਜਿਸ ਅਨੁਸਾਰ ਆਦੀਵਾਸੀ ਲੋਕਾਂ ਦੀਆਂ ਜ਼ਮੀਨਾਂ ਲਾਭ ਅਤੇ ਸ਼ੋਸ਼ਣ ਕਰਨ ਲਈ ਜ਼ਬਤ ਕਰਨਾ ਜਾਇਜ਼ ਹੈ।

ਕੈਥੋਲਿਕ ਚਰਚ ਨੇ ਆਦੀਵਾਸੀ ਲੋਕਾਂ ਨੂੰ ਅਧਰਮੀ/ਕਾਫ਼ਰ ਸਮਝਿਆ ਇਸ ਲਈ ਉਨ੍ਹਾਂ ਲਈ ਕਾਨੂੰਨ ਬਣਾ ਕੇ ਉਨ੍ਹਾਂ ਦੀਆਂ ਜ਼ਮੀਨਾਂ ਤੇ ਬਿਨਾਂ ਕਿਸੇ ਇਵਜ਼ਾਨੇ ਦੇ ਕਬਜ਼ਾ ਕੀਤਾ ਜਾ ਸਕਦਾ ਹੈ। ਨਵੇਂ ਬਣੇ ਕਾਨੂੰਨਾਂ ਦਾ ਮਤਲਬ ਆਦੀਵਾਸੀ ਲੋਕਾਂ ਨੂੰ ਪੋਪ ਦੇ "ਮਾਤਹਿਤ" ਬਣਾਉਣਾ ਸੀ ਅਤੇ ਆਦੀਵਾਸੀ ਲੋਕਾਂ ਦੀ ਆਪਣੇ ਆਪ ਨੂੰ ਚਲਾਉਣ ਦੀ ਸਵੈ-ਸੱਤਾ ਨੂੰ ਅਸਵੀਕਾਰ ਕਰਨਾ ਸੀ।

ਰੋਕਸੇਨ ਡੰਬਰ ਆਰਟਿਜ਼ ਪੇਪਲ ਬੁੱਲਾਂ ਦਾ ਗਿਆਤਾ ਅਤੇ ਵਿਸ਼ੇਸ਼ੱਗ ਕਹਿੰਦਾ ਹੈ ਕਿ, "ਚਰਚ ਅਤੇ ਸਰਕਾਰ ਦੋਵੇਂ ਆਰਥਿਕ ਲਾਭਾਂ ਲਈ ਬਸਤੀਵਾਦ ਕਰ ਰਹੇ ਸਨ। 'ਨਵੀਂ ਦੁਨੀਆ' ਦੀ ਖੋਜ ਕੋਈ ਇਸਾਈ ਬਣਾਉਣ ਦੀ ਖੋਜ ਨਹੀਂ ਸੀ ਬਲਕਿ ਇਲਾਕੇ ਅਤੇ ਲੋਕਾਂ ਵਿਚ ਦਬਦਬਾ ਬਣਾਉਣ ਅਤੇ ਸੰਪਤੀ ਦੀ ਲੁੱਟ ਖਸੁੱਟ ਸੀ"।



## ਟੇਰਾ ਨੂਲਿਅਸ Terra Nullius

ਟੇਰਾ ਨੂਲੀਅਸ ਇੱਕ ਲਾਤੀਨੀ ਸ਼ਬਦ ਹੈ ਜਿਸ ਦਾ ਮਤਲਬ ਹੈ "ਖਾਲੀ ਜ਼ਮੀਨ" ਜਾਂ "ਜਿਸ ਜ਼ਮੀਨ ਦਾ ਕੋਈ ਮਾਲਕ ਨਹੀਂ"। ਇਹ ਕਾਨੂੰਨ ਯੂਰਪ ਵਿਚ 18ਵੀਂ ਸਦੀ ਵਿਚ ਬਣਾਇਆ ਗਿਆ ਸੀ। ਕੈਨੇਡਾ ਵਰਗੀ ਧਰਤੀ ਨੂੰ "ਖਾਲੀ" ਸਮਝਿਆ ਗਿਆ ਹਾਲਾਂ ਕਿ ਆਦੀਵਾਸੀ ਲੋਕ ਉੱਥੇ ਹਜ਼ਾਰਾਂ ਸਾਲਾਂ ਤੋਂ ਵੱਸ ਰਹੇ ਸਨ। ਇਹ ਨੀਤੀ ਆਦੀਵਾਸੀ ਲੋਕਾਂ ਦੀ ਜ਼ਮੀਨ ਦੀ ਲੁੱਟ/ਚੋਰੀ ਨੂੰ ਜਾਇਜ਼ ਠਹਿਰਾਉਣ ਲਈ ਸੀ। ਟੇਰਾ ਨੂਲਿਅਸ ਅਨੁਸਾਰ ਜੇ ਪਹਿਲਾਂ ਕਿਸੇ ਯੂਰਪੀ ਸ਼ਕਤੀ ਦਾ ਧਰਤੀ ਤੇ ਅਧਿਕਾਰ ਨਹੀਂ ਤਾਂ ਨਵੀਂ ਆਈ ਯੂਰਪੀ ਤਾਕਤ ਇਸ ਤੇ ਆਪਣਾ ਹੱਕ ਜਮਾ ਸਕਦੀ ਸੀ। ਟੇਰਾ ਨੂਲਿਓਸ ਨੇ 17ਵੀਂ ਤੋਂ 20ਵੀਂ ਸਦੀ ਦੌਰਾਨ ਉੱਤਰੀ ਅਮਰੀਕਾ ਵਿਚ ਬਸਤੀਵਾਦ ਨੂੰ ਜਾਇਜ਼ ਠਹਿਰਾਇਆ। ਸਮਾਂ ਬੀਤਣ ਦੇ ਨਾਲ ਇਸ ਸੰਕਲਪ ਅਨੁਸਾਰ ਉਹ ਇਲਾਕੇ ਵੀ ਸ਼ਾਮਲ ਕੀਤੇ ਜਾਣ ਲੱਗ ਪਏ ਜਿਨ੍ਹਾਂ ਬਾਰੇ ਯੂਪੀਅਨ ਤਾਕਤਾਂ ਨੇ ਇਹ ਫੈਸਲਾ ਕੀਤਾ ਕਿ "ਇਹ ਇਲਾਕੇ ਸਭਿਅਕ ਸਮਾਜ ਤੋਂ ਰਹਿਤ ਹਨ"।

ਖੋਜ ਅਤੇ ਟੇਰਾ ਨੂਲਿਅਸ ਵਾਲੇ ਦੋਵੇਂ ਸਿਧਾਂਤ ਕੈਨੇਡੀਅਨ ਕਾਨੂੰਨ ਅਤੇ ਆਦੀਵਾਸੀ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ। ਸੰਯੁਕਤ ਰਾਸ਼ਟਰ, ਸੱਚ ਅਤੇ ਸੁਲ੍ਹਾ ਕਮਿਸ਼ਨ, ਅਤੇ ਫ਼ਸਟ ਨੇਸ਼ਨਜ਼ ਦੀ ਅਸੈਂਬਲੀ ਨੇ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਨ ਦਾ ਸੱਦਾ ਦਿੱਤਾ ਹੈ। ਇਸ ਦਾ ਮਤਲਬ ਹੈ ਇਨ੍ਹਾਂ ਕਾਨੂੰਨਾਂ ਅਨੁਸਾਰ ਬਣੇ ਕੈਨੇਡਾ ਦੀ ਕੋਈ ਕਾਨੂੰਨੀ ਅਥਾਰਿਟੀ ਨਹੀਂ। ਸਮੱਸਿਆ ਇਹ ਹੈ ਕਿ ਜਿਨ੍ਹਾਂ ਦਸਤਾਵੇਜ਼ਾਂ ਦੇ ਅਧਾਰ ਤੇ ਕੈਨੇਡਾ ਬਣਿਆ ਸੀ ਉਹ ਅੱਜ ਵੀ ਕਾਨੂੰਨਾਂ ਤੇ ਅਸਰ ਪਾਉਂਦੇ ਹਨ ਅਤੇ ਆਦੀਵਾਸੀ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ।

# 1763 ਦੀ ਸ਼ਾਹੀ ਘੋਸ਼ਣਾ
## Royal Proclamation of 1763

1763 ਵਿਚ ਇੰਗਲੈਂਡ ਦੇ ਬਾਦਸ਼ਾਹ ਜਾਰਜ ਨੇ ਇੱਕ ਸ਼ਾਹੀ ਘੋਸ਼ਣਾ ਕੀਤੀ। 7 ਸਾਲਾਂ ਦੀ ਲੜਾਈ ਜਿੱਤਣ ਤੋਂ ਬਾਅਦ ਇਸ ਦਸਤਾਵੇਜ਼ ਦੇ ਨਿਰਦੇਸ਼ਾਂ ਅਨੁਸਾਰ ਇੰਗਲੈਂਡ ਨੇ ਉੱਤਰੀ ਅਮਰੀਕਾ ਦੇ ਇਲਾਕੇ ਤੇ ਆਪਣਾ ਹੱਕ ਜਮਾਇਆ। ਇਸ ਘੋਸ਼ਣਾ ਨੇ ਆਦੀਵਾਸੀ ਲੋਕਾਂ ਨੂੰ ਪ੍ਰਵਾਨ ਕੀਤਾ ਅਤੇ ਉਨ੍ਹਾਂ ਦੀ ਧਰਤੀ ਅਤੇ ਭਾਈਚਾਰਿਆਂ ਤੇ ਆਪਣੀ ਪ੍ਰਭੂਸੱਤਾ ਨੂੰ ਕਾਇਮ ਕੀਤਾ। ਘੋਸ਼ਣਾ ਵਿਚ ਕਿਹਾ ਗਿਆ ਕਿ ਆਦੀਵਾਸੀ ਲੋਕਾਂ ਲਈ ਜ਼ਮੀਨਾਂ ਰਾਖਵੀਂਆਂ ਰੱਖੀਆਂ ਜਾਣ ਅਤੇ ਆਦੀਵਾਸੀ ਲੋਕਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਜ਼ਬਰਦਸਤੀ ਨਹੀਂ ਉਠਾਇਆ ਜਾਏਗਾ। ਘੋਸ਼ਣਾ ਨੇ ਇਹ ਵੀ ਸਵੀਕਾਰ ਕੀਤਾ ਕਿ ਆਦੀਵਾਸੀ ਸਰਕਾਰਾਂ ਅਤੇ ਉਨ੍ਹਾਂ ਦੇ ਰਾਸ਼ਟਰਾਂ ਨੂੰ ਚਲਾਉਣ ਦੇ ਉਨ੍ਹਾਂ ਦੇ ਕਾਨੂੰਨੀ ਹੱਕਾਂ ਦੀ  ਮਾਨਤਾ ਕਾਇਮ ਰਹੇਗੀ।
ਵਰਨਨ ਬੀ.ਸੀ. ਦਾ ਇੱਕ ਆਦੀਵਾਸੀ ਵਕੀਲ ਡਾਨ ਵਿਲਸਨ ਪ੍ਰਭੂਸੱਤਾ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ:

"ਪ੍ਰਭੂਸੱਤਾ ਸ਼ਾਸਨ ਦੇ ਰੂਪ ਵਿਚ ਉਸ ਸਮੇਂ ਹੁੰਦੀ ਹੈ ਜਦੋਂ ਲੋਕਾਂ ਦੀ ਇੱਕ ਰਾਜਨੀਤਕ ਸੰਸਥਾ ਕੋਲ ਬਿਨਾ ਕਿਸੇ ਹੋਰ ਹਸਤੀ ਜਾਂ ਤਾਕਤ ਦੀ ਦਖਲ ਅੰਦਾਜ਼ੀ ਦੇ ਆਪਣੇ ਉੱਤੇ ਪੂਰੀ ਤਾਕਤ ਅਤੇ ਹੱਕ ਹੁੰਦੇ ਹਨ"।

1763 ਦੀ ਸ਼ਾਹੀ ਘੋਸ਼ਣਾ ਵਿਚ ਕਰਾਊਨ ਨੇ ਇਨ੍ਹਾਂ ਤਿੰਨ ਮਹੱਤਵਪੂਰਨ ਮੁੱਦਿਆਂ ਦੀ ਵਿਆਖਿਆ ਕੀਤੀ,

1. 'ਇੰਡੀਅਨ' ਨੇਸ਼ਨਜ਼ ਜੋ ਕਰਾਊਨ ਨਾਲ ਜੁੜੀਆਂ ਹਨ ਉਨ੍ਹਾਂ ਨੂੰ ਕਰਾਊਨ ਦਾ ਕੋਈ ਵੀ ਮਾਤਹਿਤ ਵਿਅਕਤੀ 'ਤੰਗ' ਨਹੀਂ ਕਰੇਗਾ (ਉਨ੍ਹਾਂ ਦਾ ਨੁਕਸਾਨ ਨਹੀਂ ਕਰੇਗਾ ਜਾਂ ਉਨ੍ਹਾਂ ਦੀ ਚੋਰੀ ਨਹੀਂ ਕਰੇਗਾ)
2. 'ਇੰਡੀਅਨ' ਨੇਸ਼ਨ ਦੀ ਜ਼ਮੀਨ ਅਤੇ ਸਰੋਤਾਂ ਤੇ ਬਿਨਾਂ ਨੇਸ਼ਨ ਦੀ 'ਸਾਰਵਜਨਕ' ਰਜ਼ਾਮੰਦੀ ਦੇ ਕਬਜ਼ਾ ਨਹੀਂ ਹੋ ਸਕਦਾ।
3. 'ਇੰਡੀਅਨ' ਨੇਸ਼ਨ ਸਿਰਫ਼ ਕਰਾਊਨ ਨਾਲ ਸੰਧੀ ਕਰ ਸਕਦਾ ਹੈ ਹੋਰ ਕਿਸੇ ਬਸਤੀ ਬਣਾਉਣ ਵਾਲੀ ਨੇਸ਼ਨ ਨਾਲ ਨਹੀਂ।

ਸ਼ਾਹੀ ਘੋਸ਼ਣਾ ਵਿਚ ਇਹ ਵੀ ਕਿਹਾ ਗਿਆ ਕਿ ਆਦੀਵਾਸੀ ਟਾਈਟਲ ਅਤੇ ਹੱਕ ਮੌਜੂਦ ਹਨ ਅਤੇ ਮੌਜੂਦ ਰਹਿਣਗੇ ਜਦ ਤੱਕ ਜ਼ਮੀਨ ਸੰਧੀ ਰਾਹੀ ਸੌਂਪੀ ਨਹੀਂ ਜਾਂਦੀ।





Sequoia Marchand, Syilx and Cherokee

# ਬਿਮਾਰੀ Disease

ਯੂਰਪੀਅਨ ਲੋਕਾਂ ਦੇ ਕੈਨੇਡਾ ਵਿਚ ਆਉਣ ਕਾਰਨ ਟਰਟਲ ਜਜ਼ੀਰੇ ਵਿਚ ਰਹਿੰਦੀ ਆਦੀਵਾਸੀ ਅਬਾਦੀ ਦਾ ਚੇਚਕ ਵਰਗੀਆਂ ਬਿਮਾਰੀਆਂ ਨਾਲ ਬਹੁਤ ਨੁਕਸਾਨ ਹੋਇਆ। ਕਵਾਂਟਲੇਨ ਫ਼ਸਟ ਨੇਸ਼ਨ ਦੀ ਅਬਾਦੀ ਤਕਰੀਬਨ 10,000 ਸੀ ਜੋ ਚੇਚਕ ਦੇ ਫੈਲਣ ਕਾਰਨ ਘਟ ਕੇ 69 ਰਹਿ ਗਈ। ਅੱਜ ਕਲ ਕਵਾਂਟਲੇਨ ਦੀ ਅਬਾਦੀ ਤਕਰੀਬਨ 400 ਦੇ ਕਰੀਬ ਹੈ। ਇਸੇ ਤਰ੍ਹਾਂ ਸੇਮੀਆਮੂਹ ਦੀ ਅਬਾਦੀ 1000 ਤੋਂ ਘਟ ਕੇ 16 ਰਹਿ ਗਈ ਜਿਸਦੇ ਹੁਣ ਤਕਰੀਬਨ 100 ਮੈਂਬਰ ਹਨ।

"ਜਦੋਂ ਯੂਰਪੀਅਨ ਲੋਕ ਆਏ ਉਹ ਆਪਣੇ ਨਾਲ ਚੇਚਕ ਅਤੇ ਹੋਰ ਬਿਮਾਰੀਆਂ ਨਾਲ ਲੈ ਕੇ ਆਏ ਜੋ ਪਹਿਲਾਂ ਅਮਰੀਕਾ ਵਿਚ ਕਦੀ ਸੁਣੀਆਂ ਨਹੀਂ ਗਈਆਂ ਸਨ। ਆਦੀਵਾਸੀ ਲੋਕਾਂ ਵਿਚ ਇਨ੍ਹਾਂ ਰੋਗ ਵਿਰੋਧੀ ਸੁਰੱਖਿਆ ਨਹੀਂ ਸੀ ਕਿਉਂਕਿ ਜਿਵੇਂ ਯੂਰਪੀਅਨਾਂ ਦਾ ਇਨ੍ਹਾਂ ਬਿਮਾਰੀਆਂ ਨਾਲ ਕਈ ਸਦੀਆਂ ਤੋਂ ਸੰਪਰਕ ਸੀ ਆਦੀਵਾਸੀਆਂ ਦਾ ਇਨ੍ਹਾਂ ਬਿਮਾਰੀਆਂ ਨਾਲ ਕਦੀ ਸੰਪਰਕ ਹੀ ਨਹੀਂ ਹੋਇਆ ਸੀ। ਅਨੁਮਾਨ ਲਗਾਇਆ ਗਿਆ ਹੈ ਕਿ 90%–95% ਆਦੀਵਾਸੀ ਲੋਕ ਇਨ੍ਹਾਂ ਬਿਮਾਰੀਆਂ ਕਾਰਨ ਮਰ ਗਏ"।

- ਕੋਰੀ ਵਿਲਸਨ

# ਇੰਡੀਅਨ ਐਕਟ Indian Act

ਇੰਡੀਅਨ ਐਕਟ ਪੜ੍ਹਨ ਲਈ ਇਹ ਦੇਖੋ: https://laws-lois.justice.gc.ca/eng/acts/i-5/

ਤੁਸੀਂ $10 ਦਾ ਨੋਟ ਦੇਖੋ " ਤੁਹਾਨੂੰ ਕੈਨੇਡਾ ਦੇ $10 ਦੇ ਨੋਟ ਤੇ ਜੋਹਨ ਏ. ਮੈਕਡੋਨਲਡ ਨਜ਼ਰ ਆਏਗਾ"।

ਇਹ ਵਿਵਾਦਪੂਰਨ ਇੰਡੀਅਨ ਐਕਟ ਇੱਕ ਕਾਨੂੰਨ ਹੈ ਜੋ ਕੈਨੇਡਾ ਦੇ ਸਵਦੇਸ਼ੀ ਲੋਕਾਂ ਦੀ ਜ਼ਿੰਦਗੀ ਨੂੰ ਕੰਟਰੋਲ ਕਰਦਾ ਹੈ। ਇਹ ਐਕਟ ਸਰ ਜੋਹਨ ਏ. ਮੈਕਡਾਨਲਡ ਨੇ 1875 ਵਿਚ ਪੇਸ਼ ਕੀਤਾ, ਜਿਸ ਦਾ ਮਕਸਦ ਕੈਨੇਡਾ ਵਿਚ ਉਤਸ਼ਾਹਿਤ ਕੀਤੀ ਜਾ ਰਹੀ ਯੂਰਪੀਅਨ ਸੁਸਾਇਟੀ ਦੇ ਮਾਡਲ ਵਿਚ ਸਵਦੇਸ਼ੀ ਲੋਕਾਂ ਨੂੰ ਜਜ਼ਬ ਕਰਨਾ ਸੀ।

ਜੋਹਨ ਏ ਮੈਕਡਾਨਲਡ ਅਧੀਨ ਤਿਆਰ ਕੀਤੀ 1876 ਦੀ ਗ੍ਰਹਿ ਵਿਭਾਗ ਦੀ ਸਾਲਾਨਾ ਰਿਪੋਰਟ ਵਿਚ ਕਿਹਾ ਗਿਆ ਹੈ: "ਸਵਦੇਸ਼ੀਆਂ ਨੂੰ ਆਪਣੀ ਸਰਪ੍ਰਸਤੀ ਹੇਠ ਰੱਖਿਆ ਜਾਏ ਅਤੇ ਉਨ੍ਹਾਂ ਨਾਲ ਸਰਕਾਰੀ ਬੱਚਿਆਂ ਵਾਂਗ ਵਿਵਹਾਰ ਕੀਤਾ ਜਾਏ। ਰੈਡਮੈਨ ਦੀ ਸਹਾਇਤਾ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਉਹ ਆਪਣੇ ਆਪ ਨੂੰ ਸਰਪ੍ਰਸਤੀ ਅਤੇ ਨਿਰਭਰਤਾ ਦੀ ਹਾਲਤ ਵਿਚੋਂ ਕੱਢ ਸਕੇ ਇਹੀ ਸਾਡੀ ਅਕਲ ਅਤੇ ਫ਼ਰਜ਼ ਹੈ…ਤਾਂ ਕਿ ਉਸ ਨੂੰ ਚੰਗੀ ਜੀਵਨ ਜਾਚ ਲਈ ਤਿਆਰ ਕੀਤਾ ਜਾ ਸਕੇ"।

ਇੰਡੀਅਨ ਐਕਟ ਵਿਚ ਸਵਦੇਸ਼ੀ ਲੋਕਾਂ ਨੂੰ ਯੂਰਪੀਅਨਾਂ ਨਾਲੋਂ ਘਟੀਆ ਸਮਝਿਆ ਗਿਆ ਹੈ। ਇਸ ਐਕਟ ਨੇ ਸਵਦੇਸ਼ੀ ਲੋਕਾਂ ਨੂੰ "ਸਰਕਾਰ ਤੇ ਨਿਰਭਰ" ਬਣਾ ਦਿੱਤਾ, ਜਿਸ ਦੇ ਕੈਨੇਡਾ ਦੇ ਆਦੀਵਾਸੀ ਲੋਕਾਂ ਤੇ ਬੜੇ ਦੂਰਗਾਮੀ ਤਬਾਹਕੁਨ ਅਸਰ ਹੋਏ। ਇਹ ਐਕਟ ਬਣਨ ਤੋਂ ਪਹਿਲਾਂ ਜ਼ਿਆਦਾਤਰ ਜ਼ਮੀਨ ਨਵੇਂ ਆਏ ਲੋਕਾਂ ਅਤੇ ਸਰਕਾਰ ਨੇ ਕਬਜ਼ੇ ਵਿਚ ਕਰ ਲਈ ਸੀ। ਇਸ ਐਕਟ ਦੇ ਪਾਸ ਹੋਣ ਤੋਂ ਬਾਅਦ ਸਵਦੇਸ਼ੀ ਲੋਕਾਂ ਨੂੰ ਆਪਣੇ ਰਿਜ਼ਰਵ ਵਿਚੋਂ ਬਾਹਰ ਜਾਣ ਜਾਂ ਆਰਥਕ ਵਿਵਸਥਾ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਸੀ। ਯੂਰਪੀਅਨ ਲੋਕਾਂ ਵੱਲੋਂ ਸਵਦੇਸ਼ੀ ਲੋਕਾਂ ਤੇ ਥੋਪੀ ਗਈ "ਸਰਪ੍ਰਸਤੀ ਅਤੇ ਨਿਰਭਰਤਾ ਦੀ ਸਥਿਤੀ" ਨੇ ਇੱਕ ਪਿਤਾ ਪੁਰਖੀ ਰਿਸ਼ਤਾ ਕਾਇਮ ਕਰ ਕੇ ਸਮਾਜਿਕ ਅਤੇ ਆਰਥਿਕ ਅਸਮਾਨਤਾਵਾਂ ਪੈਦਾ ਕਰ ਦਿੱਤੀਆਂ ਜੋ ਅੱਜ ਵੀ ਸੁਸਾਇਟੀ ਤੇ ਅਸਰ ਪਾ ਰਹੀਆਂ ਹਨ। ਯੂ.ਬੀ.ਸੀ. ਦੀਆਂ ਸਵਦੇਸ਼ੀ ਫ਼ਾਊਂਡੇਸ਼ਨਾਂ ਦੱਸਦੀਆਂ ਹਨ,

> ਇਸ ਕਾਨੂੰਨ ਦੀ ਮੁੱਖ ਧਾਰਨਾ ਇਹ ਸੀ ਕਿ ਕੈਨੇਡਾ ਵਿਚ ਕੰਮ ਕਰਨ ਲਈ ਸਵਦੇਸ਼ੀ ਲੋਕਾਂ ਨੂੰ "ਕੈਨੇਡੀਅਨ" ਪਹਿਚਾਣ ਅਪਣਾਉਣਾ ਅਤੇ ਆਪਣੀ ਸਭਿਅਤਾ ਅਤੇ ਪਰੰਪਰਾਵਾਂ ਨੂੰ ਛੱਡਣਾ ਜ਼ਰੂਰੀ ਸੀ। ਬਸਤੀਵਾਦੀ ਲੋਕਾਂ ਨੇ ਆਦੀਵਾਸੀ ਲੋਕਾਂ ਅਤੇ ਉਨ੍ਹਾਂ ਦੀ ਸਭਿਅਤਾ ਨੂੰ "ਵਹਿਸ਼ੀ" ਅਤੇ "ਪ੍ਰਾਚੀਨ" ਸਮਝਿਆ, ਜੋ ਕੈਨੇਡੀਅਨ ਸਰਕਾਰ ਵੱਲੋਂ ਸਿੱਧੀ ਦਖਲਅੰਦਾਜ਼ੀ ਅਤੇ ਸਰਪ੍ਰਸਤੀ ਤੋਂ ਬਿਨਾਂ ਮੌਜੂਦਾ ਬਸਤੀਵਾਦੀ ਸੁਸਾਇਟੀ ਵਿਚ ਰਹਿਣਯੋਗ ਨਹੀਂ ਹੋ ਸਕਣਗੇ।

ਇੰਡੀਅਨ ਐਕਟ ਤੋਂ ਪਹਿਲਾਂ, ਸ਼ਾਹੀ ਘੋਸ਼ਣਾ ਨੇ "ਇੰਡੀਅਨ ਰਿਜ਼ਰਵ" ਬਣਾਏ ਜਿਸ ਦਾ ਮਕਸਦ ਇਹ ਸੁਨਿਸ਼ਚਿਤ ਕਰਨਾ ਸੀ ਕਿ ਆਦੀਵਾਸੀ ਜ਼ਮੀਨਾਂ ਬਸਤੀਆਂ ਲਈ ਉਪਲਬਧ ਨਹੀਂ ਹੋਣਗੀਆ। ਕੁੱਝ ਦਹਾਕਿਆਂ ਵਿਚ ਇਨ੍ਹਾਂ ਰਿਜ਼ਰਵਾਂ ਵਿਚੋਂ ਬਹੁਤ ਸਾਰੀਆਂ ਜ਼ਮੀਨਾਂ ਲੈ ਲਈਆਂ ਗਈਆਂ। ਆਰਥਰ ਮੈਨੂਅਲ ਦੱਸਦਾ ਹੈ ਕਿ ਕੈਨੇਡਾ ਦੀ ਸਾਰੀ ਜ਼ਮੀਨ ਵਿਚੋਂ ਸਿਰਫ 0.2% ਜ਼ਮੀਨ ਸਵਦੇਸ਼ੀ ਲੋਕਾਂ ਕੋਲ ਰਹਿ ਗਈ ਹੈ।

ਇੰਡੀਅਨ ਐਕਟ ਦੇ ਕਾਨੂੰਨ ਅਤੇ ਜ਼ਮੀਨਾਂ ਦੀ ਚੋਰੀ ਨੇ ਆਦੀਵਾਸੀ ਲੋਕਾਂ ਲਈ ਆਰਥਕ ਅਤੇ ਵਿਕਾਸ ਦੇ ਕੰਮਾਂ ਵਿਚ ਹਿੱਸਾ ਲੈਣਾ ਅਸੰਭਵ ਕਰ ਦਿੱਤਾ ਜਿਸ ਨੂੰ ਮੈਨੁਅਲ "ਕਾਨੂੰਨੀ ਨਿਰਭਰਤਾ" ਕਹਿੰਦਾ ਹੈ।(ਦੇਖੋ ਮਿਥ ਅਤੇ ਤੱਥ)

ਬ੍ਰਿਟਿਸ਼ ਨਾਰਥ ਅਮਰੀਕਾ ਐਕਟ ਪਾਸ ਹੋਣ ਨਾਲ 1867 ਵਿਚ ਕੈਨੇਡਾ ਇੱਕ ਮੁਲਕ ਬਣ ਗਿਆ; ਸੈਕਸ਼ਨ 91(24) ਨੇ ਫ਼ੈਡਰਲ ਸਰਕਾਰ ਨੂੰ "ਸਾਰੇ ਆਦੀਵਾਸੀਆਂ ਅਤੇ ਆਦੀਵਾਸੀਆਂ ਲਈ ਸਾਰੀਆਂ ਜ਼ਮੀਨਾਂ" ਦੀ ਜ਼ਿੰਮੇਵਾਰੀ ਦੇ ਦਿੱਤੀ"। ਇੰਡੀਅਨ ਐਕਟ ਅਧੀਨ ਆਦੀਵਾਸੀ ਲੋਕ:

- ਪਾਸ ਤੋਂ ਬਿਨਾਂ ਆਪਣੇ ਰਿਜ਼ਰਵ ਤੋਂ ਬਾਹਰ ਨਹੀਂ ਜਾ ਸਕਦੇ
- ਆਪਣੇ ਪਸ਼ੂ ਜਾਂ ਫ਼ਸਲ ਵੇਚਣ ਲਈ ਪਾਸ ਲੈਣਾ ਜ਼ਰੂਰੀ ਹੈ। ਇਸ ਕੰਟ੍ਰੋਲ ਦੀ ਨੀਤੀ ਨੇ ਆਦੀਵਾਸੀਆਂ ਲਈ ਕਿਸੇ ਆਰਥਕ ਸਰਗਰਮੀ ਵਿਚ ਹਿੱਸਾ ਲੈਣਾ ਅਸੰਭਵ ਕਰ ਦਿੱਤਾ ਅਤੇ ਅਗਲੀਆਂ ਪੀੜ੍ਹੀਆਂ ਨੂੰ ਹੋਰ ਗਰੀਬ ਕਰ ਦਿੱਤਾ
- ਆਪਣੀਆਂ ਰਵਾਇਤੀ ਰਸਮਾਂ ਜਿਵੇਂ ਕਿ ਪੌਟਲੈਚ, ਸਨਡਾਂਸ ਅਤੇ ਹੋਰ ਸਾਰੀਆਂ ਰਸਮਾਂ ਵਿਚ ਹਿੱਸਾ ਨਹੀਂ ਲੈ ਸਕਦੇ। ਇਹ ਮਹੱਤਵਪੂਰਨ ਰਸਮਾਂ ਜੋ ਰਵਾਇਤੀ ਜ਼ਮੀਨ ਅਧਾਰਿਤ ਕਾਨੂੰਨਾਂ ਤੇ ਅਧਾਰਿਤ ਸਨ, ਜਿਵੇਂ ਕਿ ਪੌਟਲੈਚ ਅਰਥ ਵਿਵਸਥਾ, ਅਤੇ ਮਿਓ ਪਿਮਟੀਸਵਿਨ (1925-1951) ਦੀ ਕ੍ਰੀ ਪਵਿਤਰ ਕਾਨੂੰਨ ਦੀ ਪ੍ਰੈਕਟਿਸ
- ਰਸਮੀ ਅਤੇ ਰਵਾਇਤੀ ਕੱਪੜੇ ਨਹੀਂ ਪਾ ਸਕਦੇ
- ਵੋਟ ਨਹੀਂ ਪਾ ਸਕਦੇ (1960 ਤੱਕ ਆਦੀਵਾਸੀਆਂ ਨੂੰ ਵੋਟ ਪਾਉਣ ਦਾ ਹੱਕ ਨਹੀਂ ਸੀ)
- ਆਪਣਾ ਕੋਈ ਰਾਜਨੀਤਕ ਗਰੁੱਪ ਨਹੀਂ ਬਣਾ ਸਕਦੇ (1925-1951)
- ਜੇ ਚੀਫ਼ ਫ਼ੈਡਰਲ ਸਰਕਾਰ ਦੇ ਖਿਲਾਫ ਖੜਾ ਹੋਵੇ ਤਾਂ ਉਸ ਨੂੰ ਇੰਡੀਅਨ ਏਜੰਟ ਦੁਆਰਾ ਹਟਾਇਆ ਜਾ ਸਕਦਾ ਹੈ
- "ਇਹ ਵਕੀਲ ਨਹੀਂ ਕਰ ਸਕਦੇ- ਜੇ ਜ਼ਮੀਨ ਗੈਰ ਕਾਨੂੰਨੀ ਤਰੀਕੇ ਨਾਲ ਖੋਹ ਲਈ ਜਾਂਦੀ ਹੈ ਤਾਂ ਆਦੀਵਾਸੀ ਆਪਣਾ ਕੇਸ ਕਚਹਿਰੀ ਵਿਚ ਵਕੀਲ ਰਾਹੀਂ ਨਹੀਂ ਲੜ ਸਕਦਾ ਅਤੇ ਨਾ ਹੀ ਕਾਨੂੰਨੀ ਸਲਾਹ ਲੈ ਸਕਦਾ ਹੈ, ਜ਼ਮੀਨ ਦੇ ਕਲੇਮ ਲਈ ਲੜਨ ਵਾਸਤੇ ਪੈਸੇ ਇਕੱਠੇ ਨਹੀਂ ਕਰ ਸਕਦਾ ਜਾਂ ਗਰੁੱਪਾਂ ਵਿਚ ਨਹੀਂ ਮਿਲ ਸਕਦੇ। ਕਈਆਂ ਨੇ ਜਥੇਬੰਦਕ ਹੋਣਾ ਬੰਦ ਕਰ ਦਿੱਤਾ ਪਰ ਕਈ ਆਪਣੇ ਹੱਕਾਂ ਦੀ ਲੜਾਈ ਲਈ ਗੁਪਤ ਤਰੀਕੇ ਨਾਲ ਕੰਮ ਕਰਦੇ ਰਹੇ"। ਕੇ. ਵਿਲਸਨ।

ਇੰਡੀਅਨ ਐਕਟ ਦਾ ਸਭ ਤੋਂ ਵਿਨਾਸ਼ਕਾਰੀ ਉਹ ਕਾਨੂੰਨ ਹੈ ਜਿਸ ਅਨੁਸਾਰ 6-17 ਸਾਲ ਦੇ ਸਾਰੇ ਬੱਚਿਆਂ ਨੂੰ ਰਿਹਾਇਸ਼ੀ ਸਕੂਲਾਂ ਵਿਚ ਜਾਣ ਲਈ ਮਜਬੂਰ ਕੀਤਾ ਗਿਆ। (ਦੇਖੋ ਰਿਹਾਇਸ਼ੀ ਸਕੂਲ)

ਰਿਜ਼ਰਵ ਦੇ ਜੀਵਨ ਨੂੰ ਕੰਟ੍ਰੋਲ ਕਰਨ ਲਈ ਇੰਡੀਅਨ ਐਕਟ ਦੇ ਸ਼ੁਰੂਆਤੀ ਦਹਾਕਿਆਂ ਵਿਚ ਫ਼ੈਡਰਲ ਸਰਕਾਰ ਨੇ ਇੰਡੀਅਨ ਏਜੈਂਟ ਦੀ ਭੂਮਿਕਾ ਨਿਭਾਈ। ਅੱਜ ਵੀ ਇੰਡੀਅਨ ਐਕਟ ਫ਼ੈਡਰਲ ਸਰਕਾਰ ਦੇ ਦੋ ਫ਼ੈਡਰਲ ਮੰਤਰਾਲਿਆਂ: ਕਰਾਊਨ-ਆਦੀਵਾਸੀ ਸਬੰਧ ਅਤੇ ਆਦੀਵਾਸੀ ਸੇਵਾਵਾਂ ਕੈਨੇਡਾ ਦੁਆਰਾ ਚਲਾਇਆ ਜਾ ਰਿਹਾ ਹੈ।

# ਮੌਜੂਦਾ ਇੰਡੀਅਨ ਐਕਟ Indian Act Today

ਕੈਨੇਡਾ ਵਿਚ ਇੰਡੀਅਨ ਐਕਟ ਅਧੀਨ ਅੱਜ ਕਲ 360 ਭਾਈਚਾਰਿਆਂ ਅਤੇ 60 ਵੱਖਰੀਆਂ ਨੇਸ਼ਨਜ਼ ਨੂੰ ਕੰਟ੍ਰੋਲ ਕੀਤਾ ਜਾਂਦਾ ਹੈ।

ਕੋਰੀ ਵਿਲਸਨ ਦਾ ਕਹਿਣਾ ਹੈ:

1. ਇੰਡੀਅਨ ਐਕਟ ਵਿਚ ਬਹੁਤ ਸੋਧਾਂ ਹੋਈਆਂ ਹਨ ਅਤੇ ਅੱਜ ਇਹ ਕੰਟ੍ਰੋਲ ਕਰਦਾ ਹੈ:
2. ਕਿਸ ਨੂੰ ਸਟੇਟਸ ਮਿਲ ਸਕਦਾ ਹੈ ਅਤੇ ਕੌਣ ਸਟੇਟਸ ਅੱਗੇ ਪਾਸ ਕਰ ਸਕਦਾ ਹੈ
3. ਟੈੱਕਸ ਮੁਕਤੀ ਦੇ ਕਾਨੂੰਨ- ਸਟੇਟਸ ਵਾਲੇ ਜੇ ਕੁੱਝ ਕਮਾਉਂਦੇ ਹਨ ਜਾਂ ਰਿਜ਼ਰਵ ਵਿਚ ਕੋਈ ਚੀਜ਼ ਖ਼੍ਰੀਦਦੇ ਹਨ ਤਾਂ ਆਦੀਵਾਸੀਆਂ ਨੂੰ ਕੋਈ ਟੈਕਸ ਨਹੀਂ ਦੇਣਾ ਪੈਂਦਾ; ਕਿਉਂ ਕਿ ਰਿਜ਼ਰਵ ਬਹੁਤ ਛੋਟੇ ਹਨ, ਆਦੀਵਾਸੀ ਜੇ ਰਿਜ਼ਰਵ ਤੋਂ ਬਾਬਰ ਰਹਿੰਦੇ ਹਨ ਜਾਂ ਕੰਮ ਕਰਦੇ ਹਨ ਤਾਂ ਉਹ ਆਮਦਨੀ ਅਤੇ ਸੰਪਤੀ ਟੈਕਸ ਦਿੰਦੇ ਹਨ
4. ਰਿਜ਼ਰਵ ਵਿਚ ਘਰ, ਬੁਨਿਆਦੀ ਢਾਂਚੇ ਅਤੇ ਵਿਕਾਸ
5. ਰਿਜ਼ਰਵ ਵਿਚ ਬੈਂਡ (ਸਵਦੇਸ਼ੀ ਸਰਕਾਰਾਂ)

## ਰਿਜ਼ਰਵ & ਰਿਹਾਇਸ਼
## Reserves & Housing

ਕਿਉਂਕਿ ਸਵਦੇਸ਼ੀ ਲੋਕ ਜ਼ਮੀਨ ਦੇ ਮਾਲਕ ਨਹੀਂ ਸਨ ਹੋ ਸਕਦੇ ਅਤੇ ਆਪਣੇ ਇਲਾਕੇ ਦੇ ਛੋਟੇ ਰਿਜ਼ਰਵ ਵਿਚ ਬੰਦ ਸਨ, ਇਸ ਲਈ ਸਵਦੇਸ਼ੀ ਲੋਕ ਆਪਣੀ ਜ਼ਮੀਨ ਨਾਲ ਜੁੜੀ ਸੰਪਤੀ ਅਗਲੀ ਪੀੜ੍ਹੀ ਨੂੰ ਨਹੀਂ ਸਨ ਦੇ ਸਕਦੇ ਸਨ। ਇਹ ਇੱਕ ਪ੍ਰਣਾਲੀਗਤ ਕਾਰਨ ਹੈ ਜਿਸ ਕਰ ਕੇ ਰਿਜ਼ਰਵ ਵਿਚ ਰਹਿ ਰਹੇ ਅਤੇ ਸ਼ਹਿਰਾਂ ਵਿਚ ਰਹਿ ਰਹੇ ਸਵਦੇਸ਼ੀ ਲੋਕ ਗਰੀਬੀ ਦਾ ਸਾਹਮਣਾ ਕਰ ਰਹੇ ਹਨ। ਅੱਜ ਵੀ ਇੰਡੀਅਨ ਐਕਟ ਕੰਟ੍ਰੋਲ ਕਰਦਾ ਹੈ ਕਿ ਰਿਜ਼ਰਵ ਵਿਚ ਜ਼ਮੀਨ ਦਾ ਮਾਲਕ ਕੌਣ ਹੋ ਸਕਦਾ ਹੈ।

ਰਿਜ਼ਰਵ ਜ਼ਮੀਨਾਂ ਫ਼ੈਡਰਲ ਟਰੱਸਟ ਕੋਲ ਹਨ, ਜਿਸ ਦਾ ਮਤਲਬ ਹੈ ਕਿ ਰਿਜ਼ਰਵ ਵਿਚ ਰਹਿ ਰਹੇ ਸਵਦੇਸ਼ੀ ਜ਼ਮੀਨਾਂ ਦੇ ਮਾਲਕ ਨਹੀਂ, ਪਰ ਆਪਣੇ ਵਿਕਾਸ ਅਤੇ ਘਰ ਲਈ ਉਧਾਰ ਲੈ ਸਕਦੇ ਹਨ; ਪਰ ਜ਼ਿਆਤਰ ਰਿਹਾਇਸ਼ਾਂ ਨੂੰ ਸਮਾਜਕ ਰਿਹਾਇਸ਼ਾਂ ਮੰਨਿਆ ਜਾਂਦਾ ਹੈ। ਰਿਹਾਇਸ਼ਾਂ ਦੀ ਕਮੀ ਅਤੇ ਰਹਿਣ ਸਹਿਣ ਦੀਆਂ ਮਾੜੀਆਂ ਹਾਲਤਾਂ ਨੇ ਰਿਜ਼ਰਵ ਵਿਚ ਰਿਹਾਇਸ਼ੀ ਸੰਕਟ ਪੈਦਾ ਕਰ ਦਿੱਤਾ ਹੈ। ਇਤਿਹਾਸਕ ਸੰਧੀਆਂ ਸਮਝੌਤਿਆਂ ਤਹਿਤ ਇਹ ਫ਼ੈਡਰਲ ਸਰਕਾਰ ਦਾ ਫ਼ਰਜ਼ ਹੈ ਕਿ ਰਿਜ਼ਰਵ ਵਿਚ ਰਿਹਾਇਸ਼ਾਂ ਮੁਹੱਈਆ ਕਰਵਾਏ, ਪਰ 20,000–35,000 ਰਿਹਾਇਸ਼ਾਂ ਦੀ ਕਮੀ ਅਜੇ ਤੱਕ ਪੂਰੀ ਨਹੀਂ ਹੋਈ।

"ਕਿਸੇ ਵੀ ਤਰੀਕੇ ਦੇਖਿਆਂ ਰਿਜ਼ਰਵ ਵਿਚ ਘਰਾਂ ਦੀ ਬਹੁਤ ਕਮੀ ਹੈ ਖ਼ਾਸ ਕਰ ਜਦੋਂ ਰਿਜ਼ਰਵ ਤੋਂ ਬਾਹਰ ਨਾਲ ਮੁਕਾਬਲਾ ਕਰੀਏ:
ਰਿਜ਼ਰਵ ਵਿਚਲੇ 41.5% ਘਰਾਂ ਨੂੰ ਬਹੁਤ ਜ਼ਿਆਦਾ ਮੁਰੰਮਤ ਦੀ ਲੋੜ ਹੈ ਜਦ ਕਿ ਰਿਜ਼ਰਵ ਤੋਂ ਬਾਹਰ ਨਾਨ-ਸਵਦੇਸ਼ੀ 7% ਰਿਹਾਇਸ਼ਾਂ ਨੂੰ ਮੁਰੰਮਤ ਦੀ ਲੋੜ ਹੈ। ਭੀੜ ਦੀ ਦਰ ਬਾਹਰ ਨਾਲੋਂ ਰਿਜ਼ਰਵ ਵਿਚ 6 ਗੁਣਾ ਜ਼ਿਆਦਾ ਹੈ। ਕਈ ਭਾਈਚਾਰਿਆਂ ਵਿਚ ਤਿੰਨ ਤਿੰਨ ਪੀੜ੍ਹੀਆਂ ਲਈ ਇੱਕੋ ਛੱਤ ਥੱਲੇ ਰਹਿਣਾ ਅਸਾਧਾਰਨ ਨਹੀਂ, ਇਹ ਉਨ੍ਹਾਂ ਦ ਚੋਣ ਨਹੀਂ ਬਲਕਿ ਮਜਬੂਰੀ ਹੈ"।



# ਸਵਦੇਸ਼ੀ ਔਰਤਾਂ & ਇੰਡੀਅਨ ਐਕਟ Indigenous Women & the Indian Act

ਆਦਿ ਕਾਲ ਤੋਂ ਸਵਦੇਸ਼ੀ ਔਰਤਾਂ ਸਵਦੇਸ਼ੀ ਭਾਈਚਾਰੇ ਦੀ ਰੀੜ੍ਹ ਦੀ ਹੱਡੀ ਰਹੀਆਂ ਹਨ। ਟਰਟਲ ਜਜ਼ੀਰੇ ਦੀਆਂ ਬਹੁਤ ਸਾਰੀਆਂ ਨੇਸ਼ਨਜ਼ ਮਾਂ ਪ੍ਰਧਾਨ ਰਹੀਆਂ ਹਨ ਜਿਸ ਦਾ ਮਤਲਬ ਹੈ ਕਿ ਬੱਚੇ ਮਾਂ ਦੇ ਕਬੀਲੇ ਦੇ ਸਮਝੇ ਜਾਂਦੇ ਹਨ ਅਤੇ ਉਨ੍ਹਾਂ ਦਾ ਪਿਛੋਕੜ ਮਾਂ ਦੇ ਰਿਸ਼ਤਿਆਂ ਵਿਚ ਹੁੰਦਾ ਹੈ। ਕਈ ਨੇਸ਼ਨਜ਼ ਵਿਚ ਲੜਕੀਆਂ ਦੀ ਪੜ੍ਹਾਈ ਮਾਂ ਅਤੇ ਮਾਸੀਆਂ ਰਾਹੀਂ ਹੁੰਦੀ ਹੈ। ਲੜਕੇ ਸ਼ਿਕਾਰ ਕਰਨਾ ਮਾਂ ਦੇ ਭਰਾਵਾਂ ਤੋਂ ਸਿੱਖਦੇ ਹਨ। ਜਿਹੜੇ ਭਾਈਚਾਰੇ ਮਾਂ ਅਧਾਰਿਤ ਨਹੀਂ ਉਹ ਵੀ ਔਰਤਾਂ ਦਾ ਸਨਮਾਨ ਕਰਦੇ ਹਨ ਅਤੇ ਉਨ੍ਹਾਂ ਦਾ ਉੱਚਾ ਸਤਿਕਾਰ ਕਰਦੇ ਹਨ ਅਤੇ ਔਰਤਾਂ ਤੋਂ ਸਿੱਖ ਮੱਤ ਅਤੇ ਅਗਵਾਈ ਲੈਂਦੇ ਹਨ।

ਕਈ ਨੇਸ਼ਨਜ਼ ਵਿਚ ਔਰਤਾਂ ਪ੍ਰਭਾਵਸ਼ਾਲੀ ਰਾਜਨੀਤਿਕ ਭੂਮਿਕਾ ਨਿਭਾਉਂਦੀਆਂ ਸਨ ਜਿਵੇਂ ਪੱਛਮੀ ਤੱਟ ਦੀਆਂ ਰਾਜ ਮਾਤਾਵਾਂ ਅਤੇ ਮੈਦਾਨੀ ਇਲਾਕੇ ਦੇ ਕਬੀਲਿਆਂ ਦੀਆਂ ਮਾਂਵਾਂ। ਰਾਜ ਮਾਤਾਵਾਂ ਅਤੇ ਕਬੀਲਿਆਂ ਦੀਆਂ ਮਾਂਵਾਂ ਦੀ ਫੈਸਲੇ ਕਰਨ ਵਿਚ ਬੜੀ ਅਹਿਮ ਭੂਮਿਕਾ ਹੁੰਦੀ ਸੀ। ਕੁੱਝ ਕੁ ਨੇਸ਼ਨਜ਼ ਵਿਚ ਚੀਫ਼ ਸਿਰਫ਼ ਨਾਮ ਦਾ ਹੀ ਚੀਫ਼ ਹੁੰਦਾ ਸੀ, ਜਿਸ ਦਾ ਮਤਲਬ ਹੈ ਕਿ ਬੇਸ਼ੱਕ ਉਹ ਭਾਈਚਾਰੇ ਦੀ ਪ੍ਰਤੀਨਿਧਤਾ ਕਰਦਾ ਸੀ ਪਰ ਚੀਫ਼ ਕੋਈ ਵੀ ਕਾਨੂੰਨ ਔਰਤਾਂ ਦੀ ਲੀਡਰਸ਼ਿਪ ਦੀ ਸਹਿਮਤੀ ਤੋਂ ਬਿਨਾਂ ਪਾਸ ਨਹੀਂ ਸੀ ਕਰ ਸਕਦਾ। ਇੰਡੀਅਨ ਐਕਟ ਨੇ ਸਵਦੇਸ਼ੀ ਔਰਤਾਂ ਤੋਂ ਇਹ ਸਾਰੀਆਂ ਰਾਜਨੀਤਿਕ ਸ਼ਕਤੀਆਂ ਖੋਹ ਲਈਆਂ। ਸਵਦੇਸ਼ੀ ਲੋਕਾਂ ਤੇ ਥੋਪਿਆ ਗਏ ਯੂਰਪੀਨ ਸ਼ਕਤੀ ਢਾਂਚੇ ਨੇ ਸਵਦੇਸ਼ੀ ਭਾਈਚਾਰਿਆਂ ਵਿਚ ਸਾਰੀ ਸਿਆਸੀ ਸ਼ਕਤੀ ਮਰਦਾਂ ਨੂੰ ਦੇ ਦਿੱਤੀ ਜਿਸ ਨੇ ਸ਼ਕਤੀ ਦਾ ਸੰਤੁਲਨ ਵਿਗਾੜ ਦਿੱਤਾ ਅਤੇ ਸਭਿਆਚਾਰਕ ਸੂਝ ਬੂਝ ਦਾ ਨੁਕਸਾਨ ਹੋਇਆ। ਟਰਟਲ ਜਜ਼ੀਰੇ ਦੇ ਸਵਦੇਸ਼ੀ ਲੋਕ ਸਵਦੇਸ਼ੀ ਔਰਤਾਂ ਨੂੰ ਧਰਤੀ ਦਾ ਬਹੁਤ ਪਵਿੱਤਰ ਜੀਵ ਮੰਨਦੇ ਹਨ ਕਿਉਂਕਿ ਇਹ "ਜੀਵਨ ਦੇਣ" ਵਾਲੀਆਂ ਹਨ।

"ਇੰਡੀਅਨ" ਕੌਣ ਹੈ ਦੀ ਪਰਭਾਸ਼ਾ ਨੇ ਕਈ ਸਵਦੇਸ਼ੀ ਪਰਵਾਰਾਂ, ਭਾਈਚਾਰਿਆਂ ਅਤੇ ਨੇਸ਼ਨਜ਼ ਨੂੰ ਵੱਖ ਵੱਖ ਕਰ ਦਿੱਤਾ। ਮਿਸਾਲ ਲਈ 1982 ਤੱਕ ਸਵਦੇਸ਼ੀ ਔਰਤਾਂ ਦਾ ਸਟੇਟਸ ਉਨ੍ਹਾਂ ਦਾ ਮਰਦਾਂ ਨਾਲ ਸਬੰਧਾਂ ਕਰ ਕੇ ਪ੍ਰਭਾਸ਼ਤ ਹੁੰਦਾ ਸੀ। ਜੇ ਇੱਕ ਸਵਦੇਸ਼ੀ ਔਰਤ ਮੈਟਿਸ ਜਾਂ ਗੈਰ ਸਵਦੇਸ਼ੀ ਨਾਲ ਸ਼ਾਦੀ ਕਰ ਲੈਂਦੀ ਤਾਂ ਉਸ ਦਾ ਸਟੇਟਸ ਖ਼ਤਮ ਹੋ ਜਾਂਦਾ ਅਤੇ ਉਨ੍ਹਾਂ ਦੇ ਬੱਚਿਆਂ ਦਾ ਵੀ ਕੋਈ ਸਟੇਟਸ ਨਾ ਰਹਿੰਦਾ। ਜੇ ਕੋਈ ਗੈਰ ਸਵਦੇਸ਼ੀ ਔਰਤ ਕਿਸੇ ਸਵਦੇਸ਼ੀ ਮਰਦ ਨਾਲ ਸ਼ਾਦੀ ਕਰਦੀ ਤਾਂ ਉਸ ਨੂੰ ਸਟੇਟਸ ਮਿਲ ਜਾਂਦਾ।

ਸਵਦੇਸ਼ੀ ਔਰਤਾਂ "ਸਵਦੇਸ਼ੀ ਅਬਾਦੀ ਨੂੰ ਘਟ ਕਰਨ ਅਤੇ ਅੰਤ ਨੂੰ ਖ਼ਤਮ ਕਰਨ ਦਾ ਸਾਧਨ ਬਣ ਗਈਆਂ। ਸਰਕਾਰ ਵੱਲੋਂ ਸਵਦੇਸ਼ੀ ਔਰਤ ਨੂੰ ਘਟੀਆ ਮਾਂ ਦਰਸਾਇਆ ਗਿਆ ਜਿਸ ਨੂੰ ਬਹਾਨਾ ਬਣਾ ਕੇ ਸਰਕਾਰ ਨੇ ਸਵਦੇਸ਼ੀ ਬੱਚਿਆਂ ਨੂੰ ਰਿਹਾਇਸ਼ੀ ਸਕੂਲਾਂ ਜਾਂ ਪਾਲਣ ਪੋਸ਼ਣ ਕਰਨ ਵਾਲੇ ਘਰਾਂ ਵਿਚ ਭੇਜ ਦਿੱਤਾ। ਅੱਜ ਦੀਆਂ (ਸਵਦੇਸ਼ੀ ਔਰਤਾਂ) ਨੂੰ ਜ਼ਿਆਦਾ ਕਾਮੁਕ ਖਿੱਚ ਵਾਲੀਆਂ ਦਿਖਾਇਆ ਜਾ ਰਿਹਾ ਹੈ ਜਿਸ ਨਾਲ ਸਾਡੀਆਂ ਮਾਂਵਾਂ, ਭੈਣਾਂ, ਮਾਸੀਆਂ ਅਤੇ ਦਾਦੀਆਂ ਦੇ ਚਰਿੱਤਰ ਨੂੰ ਦਾਗੀ ਕੀਤਾ ਜਾ ਰਿਹਾ ਹੈ"।

- ਰੇਨੀ ਐਲਜ਼ਬੈਥ ਜ਼ਿਨੇਗਿਜ਼ਹੀਗੋ-ਵੀ ਬੇਡਰਡ
(Renee Elizabeth Mzinegizhigo-kwe Bedard)

ਗਲੈੱਨ ਕੌਲਥਰਡ, ਦੇਨੇ ਵਿਦਵਾਨ ਅਤੇ ਸਰਗਰਮ ਮੈਂਬਰ ਨੇ 1869 ਵਿਚ ਇਹ ਨੋਟ ਕੀਤਾ ਕਿ ਕੈਨੇਡੀਅਨ ਸਰਕਾਰ ਨੇ ਨਿਯਮਤ ਤਰੀਕੇ ਵੋਟਾਂ ਪਾਉਣ ਬਾਰੇ ਐਕਟ ਪਾਸ ਕਰ ਦਿੱਤਾ ਹੈ। ਇਹ ਐਕਟ ਇਸ ਲਈ ਬਣਾਇਆ ਗਿਆ ਕਿ ਬੈਂਡਾਂ ਦੀ ਕੌਂਸਲ ਵੋਟਾਂ ਰਾਹੀਂ ਚੁਣੀ ਜਾਏ। ਇਹ ਨਾ ਸਿਰਫ਼ ਨੇਸ਼ਨਜ਼ ਦੀਆਂ ਰਵਾਇਤੀ ਸ਼ਾਸਨ ਪ੍ਰਣਾਲੀ ਲਈ ਹਾਨੀਕਾਰਕ ਸੀ, ਇਸ ਨੇ ਔਰਤਾਂ ਨੂੰ ਹੋਰ ਵੀ ਨੁਕਸਾਨ ਪਹੁੰਚਾਇਆ। ਐਕਟ ਦੇ ਪਾਸ ਹੋ ਜਾਣ ਬਾਅਦ ਔਰਤਾਂ ਨੂੰ ਪਤੀ ਦੀ ਵਿਰਾਸਤ ਵਿਚੋਂ ਕੁੱਝ ਵੀ ਮਿਲਣ ਦਾ ਕੋਈ ਹੱਕ ਨਾ ਰਿਹਾ, ਵੋਟ ਦੇਣ ਦਾ ਅਤੇ ਬੈਂਡ ਦੀ ਸਿਆਸਤ ਵਿਚ ਹਿੱਸਾ ਲੈਣ ਦਾ ਵੀ ਕੋਈ ਹੱਕ ਨਾ ਰਿਹਾ। ਔਰਤਾਂ ਦੇ ਇਹ ਹੱਕ ਬਿਨਾਂ ਸਹਿਮਤੀ ਦੇ ਖੋਹੇ ਗਏ ਅਤੇ ਜੇ ਸਵਦੇਸ਼ੀ ਔਰਤ ਬਿਨਾਂ-ਸਟੇਟਸ ਵਾਲੇ ਮਰਦ ਨਾਲ਼ ਸ਼ਾਦੀ ਕਰੇ ਤਾਂ ਉਸ ਦਾ ਸਟੇਟਸ ਖ਼ਤਮ ਕਰਨ ਦੀ ਸ਼ਕਤੀ ਸਰਕਾਰ ਨੇ ਆਪਣੇ ਕੋਲ ਰੱਖੀ। ਸਟੇਟਸ ਖ਼ਤਮ ਹੋਣ ਦਾ ਮਤਲਬ ਹੈ ਕਿ ਰਿਜ਼ਰਵ ਵਿਚ ਰਹਿਣ ਦਾ ਹੱਕ, ਰਿਹਾਇਸ਼ ਅਤੇ ਫ਼ੈਡਰਲ ਸਹਾਇਤਾ ਪ੍ਰਤਪਤ ਸਿਹਤ ਸੇਵਾਵਾਂ ਸਭ ਖ਼ਤਮ।

"ਇੰਡੀਅਨ ਐਕਟ ਨੇ ਸਵਦੇਸ਼ੀ ਔਰਤਾਂ ਕੋਲੋਂ ਬਸਤੀਵਾਦ ਤੋਂ ਪਹਿਲਾਂ ਵਾਲੀ ਸ਼ਕਤੀ ਅਤੇ ਅਧਿਕਾਰਾਂ ਦੀ ਅਦਲੀ ਬਦਲੀ ਹੋ ਗਈ...। 20ਵੀਂ ਸਦੀ ਦੇ ਸ਼ੁਰੂ ਵਿਚ ਸਵਦੇਸ਼ੀ ਔਰਤਾਂ ਦੀ ਜਣਨ ਪ੍ਰਕਿਰਿਆ ਦੀ ਵੀ ਜਾਂਚ ਪੜਤਾਲ ਸ਼ੁਰੂ ਹੋ ਗਈ ਅਤੇ ਨਸਲ ਸੁਧਾਰ ਲਹਿਰ ਨਾਲ ਇੱਕ ਕਾਨੂੰਨ ਪਾਸ ਕੀਤਾ ਗਿਆ ਜਿਸ ਤਹਿਤ ਸਵਦੇਸ਼ੀ ਮਰਦਾਂ ਅਤੇ ਔਰਤਾਂ ਦੀ ਅਣਇੱਛਤ ਅਤੇ ਮਨਮਾਨੀ ਨਸਬੰਦੀ ਦੀ ਆਗਿਆ ਦੇ ਦਿੱਤੀ ਗਈ"।



ਕੈਂਜ਼ੀ ਮਿਲਰ (ਸਿਲਕਸ), ਐਮੀ ਕੋਟੇ (ਸਿਲ੍ਹਕੋਟ'ਇਨ). ਅਤੇ ਟਾਇਆ ਨਿਕਲ (ਸਿਲ੍ਹਕੋਟ'ਇਨ ਅਤੇ ਸੇਕੋਪੈਮਿਕ)

ਰਿਜ਼ਰਵਾਂ ਵਿਚ 1930 ਵਿਚ ਇੰਡੀਅਨ ਹੋਮਮੇਕਰ ਐਸੋਸੀਏਸ਼ਨ ਸ਼ੁਰੂ ਹੋਈ ਅਤੇ ਸਟੇਟਸ ਅਤੇ ਬਿਨਾਂ ਸਟੇਟਸ ਵਾਲੀਆਂ ਔਰਤਾਂ ਦੀ ਮਹੱਤਵਪੂਰਨ ਅਵਾਜ਼ ਬਣ ਗਈ। ਨਾਨ-ਸਟੇਟਸ ਵਾਲੀਆਂ ਸਵਦੇਸ਼ੀ ਔਰਤਾਂ ਦੀ ਪ੍ਰਤੀਨਿਧਤਾ ਕਰਨ ਵਾਲੀ ਇਹ ਪਹਿਲੀ ਐਸੋਸੀਏਸ਼ਨ ਸੀ, ਅਤੇ ਐਸੋਸੀਏਸ਼ਨ ਨੇ ਦਰਸਾਇਆ ਕਿ ਸਟੇਟਸ ਕਾਨੂੰਨ ਕਿਵੇਂ ਔਰਤਾਂ ਨਾਲ ਵਿਤਕਰਾ ਕਰਦੇ ਹਨ। ਕੁੱਝ ਕੁ ਚੁਨੌਤੀਆਂ ਅੱਜ ਵੀ ਬਰਕਰਾਰ ਹਨ।

ਸਵਦੇਸ਼ੀ ਔਰਤਾਂ ਹਾਲੀ ਵੀ ਕੈਨੇਡਾ ਵਿਚ ਕਾਫ਼ੀ ਵਿਤਕਰੇ ਦਾ ਸ਼ਿਕਾਰ ਹੋ ਰਹੀਆਂ ਹਨ। ਸਵਦੇਸ਼ੀ ਔਰਤਾਂ ਨਾਲ ਨਾਨ-ਸਵਦੇਸ਼ੀ ਔਰਤਾਂ ਨਾਲੋਂ 3.5 ਗੁਣਾ ਜ਼ਿਆਦਾ ਹਿੰਸਾ ਦੀ ਸੰਭਾਵਨਾ ਹੁੰਦੀ ਹੈ। ਕੈਨੇਡਾ ਅਤੇ ਅਮਰੀਕਾ ਵਿਚ ਸਵਦੇਸ਼ੀ ਔਰਤਾਂ ਅਤੇ ਲੜਕੀਆਂ ਦੇ ਕਤਲ ਅਤੇ ਗੁਮਸ਼ੁਦਗੀਆਂ ਜਿਹੇ ਖ਼ਤਰਨਾਕ ਮਾਮਲਿਆਂ ਨੇ ਕੈਨੇਡਾ ਅੰਦਰ ਸਵਦੇਸ਼ੀ ਔਰਤਾਂ ਲਈ ਨੀਤੀ ਅਤੇ ਕਾਨੂੰਨ ਅਤੇ ਅਣਗਹਿਲੀ ਵਾਲੇ ਸਲੂਕ ਵਿਚਕਾਰ ਸਿੱਧਾ ਸਬੰਧ ਬਣਾਇਆ ਹੈ ਜੋ ਇੱਕ ਕਿਸਮ ਦੀ ਨਸਲਕੁਸ਼ੀ ਹੈ:

"ਨੈਸ਼ਨਲ ਇਨਕੁਆਰੀ ਦੁਆਰਾ ਸੁਣੀ ਗਈ ਹਿੰਸਾ ਸਵਦੇਸ਼ੀ ਲੋਕਾਂ ਜਿਨ੍ਹਾਂ ਵਿਚ ਫ਼ਸਟ ਨੇਸ਼ਨ, ਇਨਉਟ ਅਤੇ ਮੈਟਿਸ ਅਤੇ ਖ਼ਾਸ ਕਰ ਔਰਤਾਂ, ਲੜਕੀਆਂ ਅਤੇ 2SLGBTQQIA ਲੋਕ ਸ਼ਾਮਲ ਹਨ ਜਿਨ੍ਹਾਂ ਨੂੰ ਖ਼ਾਸ ਨਿਸ਼ਾਨਾ ਬਣਾਇਆ ਗਿਆ ਇਹ ਉਨ੍ਹਾਂ ਦੀ ਨਸਲ ਅਧਾਰਿਤ ਨਸਲਕੁਸ਼ੀ ਦੇ ਬਰਾਬਰ ਹੈ। ਇਹ ਨਸਲਕੁਸ਼ੀ ਬਸਤੀਵਾਦ ਢਾਂਚੇ ਵੱਲੋਂ ਸ਼ਕਤੀਸ਼ਾਲੀ ਬਣਾਈ ਗਈ ਜਿਸ ਦਾ ਸਬੂਤ ਇੰਡੀਅਨ ਐਕਟ ਹੈ, 60ਵਿਆਂ ਦੀਆਂ ਖ਼ਬਰਾਂ, ਰਿਹਾਇਸ਼ੀ ਸਕੂਲਾਂ, ਮਨੁੱਖੀ ਅਤੇ ਸਵਦੇਸ਼ੀ ਲੋਕਾਂ ਦੇ ਅਧਿਕਾਰਾਂ ਦੀਆਂ ਉਲੰਘਣਾਂ ਜੋ ਸਿੱਧੇ ਤੌਰ ਤੇ ਸਵਦੇਸ਼ੀ ਲੋਕਾਂ ਵਿਚ ਮੌਜੂਦਾ ਹਿੰਸਾ ਦੀ ਦਰ ਵਿਚ ਵਾਧਾ, ਮੌਤਾਂ ਅਤੇ ਖ਼ੁਦਕੁਸ਼ੀਆਂ ਵੱਲ ਇਸ਼ਾਰਾ ਕਰਦੀਆਂ ਹਨ"।

ਨੇਟਿਵ ਵੋਮੈਨ ਐਸੋਸੀਏਸ਼ਨ ਕੈਨੇਡਾ ਰਿਪੋਰਟ ਕਰਦੀ ਹੈ:

ਸਟੈਟਿਟਿਕਸ ਕੈਨੇਡਾ ਦੀ ਰਿਪੋਰਟ ਦੱਸਦੀ ਹੈ ਕਿ ਸਵਦੇਸ਼ੀ ਔਰਤਾਂ ਬਹੁਤ ਜ਼ਿਆਦਾ ਮੌਤ ਦਾ ਸ਼ਿਕਾਰ ਹੁੰਦੀਆਂ ਹਨ।

- 1997 ਅਤੇ 2000 ਦਰਮਿਆਨ ਸਵਦੇਸ਼ੀ ਔਰਤਾਂ ਦੀਆਂ ਹੱਤਿਆਵਾਂ ਨਾਨ-ਸਵਦੇਸ਼ੀ ਔਰਤਾਂ ਨਾਲੋਂ ਲਗਭਗ 7 ਗੁਣਾ ਜ਼ਿਆਦਾ ਸਨ।
- ਐਮਨੈਸਟੀ ਇੰਟਰਨੈਸ਼ਨਲ ਕੈਨੇਡਾ ਦੀ ਰਿਪੋਰਟ ਵਿਚ ਪ੍ਰਕਾਸ਼ਿਤ ਇੰਡੀਅਨ ਅਤੇ ਨਦਰਨ ਅਫ਼ੇਅਰਜ਼ ਕੈਨੇਡਾ ਡੇਟਾ ਸਟੋਲਨ ਸਿਸਟਰਜ਼: ਕੈਨੇਡਾ ਵਿਚ ਸਵਦੇਸ਼ੀ ਔਰਤਾਂ ਵਿਰੁੱਧ ਵਿਤਕਰਾ ਅਤੇ ਹਿੰਸਾ ਦਰਸਾਉਂਦੀ ਹੈ ਕਿ ਇੰਡੀਅਨ ਸਟੇਟਸ ਵਾਲੀਆਂ 25 ਅਤੇ 44 ਸਾਲ ਉਮਰ ਦੀਆਂ ਸਵਦੇਸ਼ੀ ਔਰਤਾਂ ਦੀ ਹਿੰਸਾ ਕਾਰਨ ਹੋਈਆਂ ਮੌਤਾਂ ਇਸੇ ਉਮਰ ਦੀਆਂ ਦੂਜੀਆਂ ਔਰਤਾਂ ਨਾਲੋਂ 5 ਗੁਣਾ ਜ਼ਿਆਦਾ ਹਨ।
- ਨੇਟਿਵ ਵੋਮੈਨ ਐਸੋਸੀਏਸ਼ਨ ਕੈਨੇਡਾ (NWAC's) ਦੀ ਖੋਜ ਇਹ ਦਰਸਾਉਂਦੀ ਹੈ ਸਵਦੇਸ਼ੀ ਔਰਤਾਂ ਦੀਆਂ ਹੱਤਿਆਵਾਂ ਜ਼ਿਆਦਾਤਰ ਅਣਸੁਲਝੀਆਂ ਹੀ ਰਹਿ ਜਾਂਦੀਆਂ ਹਨ। ਨੇਟਿਵ ਵੋਮੈਨ ਐਸੋਸੀਏਸ਼ਨ ਕੈਨੇਡਾ ਦੀਆਂ ਸਿਸਟਰਜ਼ ਦੇ ਡੇਟਾ ਮੁਤਾਬਿਕ 53% ਮਾਮਲੇ ਸੁਲਝਾਏ ਗਏ ਜਦ ਕਿ ਮੁਲਕ ਵਿਚ 84% ਕਤਲ ਦੇ ਮਾਮਲੇ ਸੁਲਝਾਏ ਗਏ।

ਹੋਰ ਜ਼ਿਆਦਾ ਜਾਣਕਾਰੀ ਲਈ MMIWG ਦੀ ਫ਼ਾਈਨਲ ਰਿਪੋਰਟ ਲਈ ਇਹ ਵੈੱਬਸਾਈਟ ਦੇਖੋ: https://www.mmiwg-ffada.ca/final-report/

# ਇੰਡੀਅਨ ਰਿਹਾਇਸ਼ੀ ਸਕੂਲਾਂ ਦਾ ਸਿਸਟਮ The Indian Residential School System

ਰਿਹਾਇਸ਼ੀ ਸਕੂਲ ਕੈਨੇਡੀਅਨ ਇਤਿਹਾਸ ਦਾ ਕਾਲਾ ਪੰਨਾ ਹਨ। ਪਹਿਲਾ ਰਿਹਾਇਸ਼ੀ ਸਕੂਲ 1870 ਵਿਚ ਖੁੱਲਿਆ ਸੀ, ਅਤੇ ਇਸ ਨਾਲ ਆਦੀਵਾਸੀਆਂ ਦੀ ਤਬਾਹੀ ਦੇ ਅਸਰ ਵਾਲੇ 126 ਸਾਲ ਸ਼ੁਰੂ ਹੋਏ। ਕਈ ਲੋਕਾਂ ਨੂੰ ਇਹ ਗਲਤਫਹਿਮੀ ਹੈ ਕਿ ਰਿਹਾਇਸ਼ੀ ਸਕੂਲਾਂ ਦਾ ਤਾਣਾ ਬਾਣਾ ਕਾਫੀ ਸਮਾਂ ਪਹਿਲਾਂ ਅਲੋਪ ਜਾਂ ਬੰਦ ਹੋ ਗਿਆ ਸੀ; ਜਦ ਕਿ ਆਖ਼ਰੀ ਸਕੂਲ 1996 ਵਿਚ ਬੰਦ ਹੋਇਆ। ਇੰਡੀਅਨ ਰਿਹਾਇਸ਼ੀ ਸਕੂਲਾਂ ਦਾ ਅਸਰ ਫੈਲਣ ਵਾਲਾ ਅਤੇ ਚਲਦਾ ਰਹਿਣ ਵਾਲਾ ਹੈ।

ਰਿਹਾਇਸ਼ੀ ਸਕੂਲ ਕੈਨੇਡੀਅਨ ਸਰਕਾਰ ਨੇ ਬਣਾਏ ਸਨ ਅਤੇ ਇਨ੍ਹਾਂ ਨੂੰ ਕਈ ਕ੍ਰਿਸਚੀਅਨ ਚਰਚ ਚਲਾ ਰਹੇ ਸਨ। ਇਨ੍ਹਾਂ ਸਕੂਲਾਂ ਦਾ ਇਰਾਦਾ ਇਹ ਸੀ ਕਿ "ਸਵਦੇਸ਼ੀ ਬੱਚਿਆਂ ਵਿਚੋਂ ਉਨ੍ਹਾਂ ਦਾ ਸਭਿਆਚਾਰ ਖ਼ਤਮ ਕੀਤਾ ਜਾਏ -"ਬੱਚੇ ਵਿਚੋਂ ਸਵਦੇਸ਼ੀ ਹੋਣ ਦਾ ਖਿਆਲ ਮਾਰ ਦਿਓ"- ਅਤੇ ਉਨ੍ਹਾਂ ਦੇ ਸਭਿਆਚਾਰ ਨੂੰ ਅਗਲੀਆਂ ਪੀੜ੍ਹੀਆਂ ਵਿਚ ਫੈਲਣ ਨੂੰ ਬੰਦ ਕਰ ਦਿਓ"। ਤਕਰੀਬਨ 150,000 ਸਵਦੇਸ਼ੀ ਬੱਚਿਆਂ ਨੇ ਰਿਹਾਇਸ਼ੀ ਸਕੂਲਾਂ ਵਿਚ ਪੜ੍ਹਾਈ ਕੀਤੀ। ਇਸ ਪੜ੍ਹਾਈ ਦੌਰਾਨ 90-100% ਬੱਚੇ ਗੰਭੀਰ ਰੂਪ ਵਿਚ ਸਰੀਰਕ, ਭਾਵਨਾਤਮਿਕ, ਅਧਿਆਤਮਿਕ ਅਤੇ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਏ। ਇਸ ਤੋਂ ਇਲਾਵਾ 40-60% ਬੱਚੇ ਸਕੂਲਾਂ ਵਿਚ ਬਚੇ ਹੀ ਨਹੀਂ। ਜ਼ਿਆਦਾਤਰ ਬੱਚਿਆਂ ਨੂੰ ਬਿਨਾਂ ਨਿਸ਼ਾਨ ਵਾਲੀਆਂ ਕਬਰਾਂ ਵਿਚ ਦਫ਼ਨਾਇਆ ਗਿਆ।

1884 ਵਿਚ ਕੈਨੇਡੀਅਨ ਸਰਕਾਰ ਨੇ ਸਾਰੇ ਸਵਦੇਸ਼ੀ ਬੱਚਿਆਂ ਲਈ ਰਿਹਾਇਸ਼ੀ ਸਕੂਲਾਂ ਵਿਚ ਪੜ੍ਹਨਾ ਜ਼ਰੂਰੀ ਕਰ ਦਿੱਤਾ। ਐਸੇ ਕਾਨੂੰਨ ਬਣਾਏ ਗਏ ਕਿ ਜਿਹੜੇ ਮਾਪੇ ਇਸ ਦਾ ਵਿਰੋਧ ਕਰਨ ਉਨ੍ਹਾਂ ਨੂੰ ਹੁਕਮ-ਅਦੂਲੀ ਲਈ ਜੁਰਮਾਨਾ ਕੀਤਾ ਜਾਏ ਜਾਂ ਕੈਦ ਕੀਤਾ ਜਾਏ। ਪਰਵਾਰਾਂ ਨੂੰ ਤੋੜ ਦਿੱਤਾ ਗਿਆ ਹਾਲਾਂਕਿ ਭੈਣਾਂ ਭਰਾਵਾਂ ਨੂੰ ਇੱਕੋ ਸਕੂਲ ਵਿਚ ਭੇਜਿਆ ਜਾਂਦਾ ਸੀ ਪਰ ਉੱਥੇ ਉਨ੍ਹਾਂ ਨੂੰ ਵੱਖਰਿਆਂ ਹੀ ਰੱਖਿਆ ਜਾਂਦਾ ਸੀ। ਵਿਦਿਆਰਥੀਆਂ ਨੂੰ ਉਮਰ, ਲਿੰਗ ਅਤੇ ਕੰਮ ਦੀ ਡਿਊਟੀ ਮੁਤਾਬਿਕ ਵੱਖ ਕੀਤਾ ਜਾਂਦਾ ਸੀ। ਇਨ੍ਹਾਂ ਕਾਨੂੰਨਾਂ ਨੂੰ ਇੰਡੀਅਨ ਏਜੰਟਾਂ ਅਤੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੁਆਰਾ ਲਾਗੂ ਕੀਤਾ ਜਾਂਦਾ ਸੀ।

## ਇੰਡੀਅਨ ਰਿਹਾਇਸ਼ੀ ਸਕੂਲਾਂ ਵਿਚ ਜ਼ਿੰਦਗੀ
Life in Indian Residential Schools

ਸਵਦੇਸ਼ੀ ਲੋਕਾਂ ਦਾ ਹਰ ਰੋਜ਼ ਸ਼ੋਸ਼ਣ ਹੁੰਦਾ ਸੀ। ਸਕੂਲ ਪਹੁੰਚਣ ਤੇ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਕੀਤਾ ਜਾਂਦਾ, ਕਈਆਂ ਨੂੰ ਮਿੱਟੀ ਦੇ ਤੇਲ ਨਾਲ ਧੋਤਾ ਜਾਂਦਾ, ਉਨ੍ਹਾਂ ਦੇ ਕੱਪੜੇ ਬਦਲੇ ਜਾਂਦੇ ਅਤੇ ਵਾਲ ਯੂਰਪੀਅਨ ਤਰੀਕੇ ਦੇ ਕੱਟੇ ਜਾਂਦੇ। ਕਈ ਰਿਪੋਰਟਾਂ ਅਨੁਸਾਰ ਜੋ ਸਵਦੇਸ਼ੀ ਬਚ ਗਏ ਉਹ ਦੱਸਦੇ ਹਨ ਕਿ ਜੇ ਬੱਚੇ ਆਪਣੀ ਬੋਲੀ ਬੋਲਦੇ ਜਾਂ ਆਪਣੇ ਸਭਿਆਚਾਰ ਦੀ ਗੱਲ ਕਰਦੇ ਤਾਂ ਉਨ੍ਹਾਂ ਨੂੰ ਕੁੱਟਿਆ ਜਾਂਦਾ। ਰਿਹਾਇਸ਼ੀ ਸਕੂਲਾਂ ਵਿਚ ਰਹਿਣ ਦੀਆਂ ਹਾਲਤਾਂ ਬਹੁਤ ਮਾੜੀਆਂ ਸਨ: ਖਾਣਾ ਬਹੁਤ ਘੱਟ ਸੀ, ਅਤੇ ਜੇ ਮਿਲ ਜਾਂਦਾ ਤਾਂ ਉਸ ਨੂੰ ਉੱਲੀ ਲੱਗੀ ਹੁੰਦੀ ਅਤੇ ਉਹ ਬੱਚਿਆਂ ਨੂੰ ਜ਼ਬਰਦਸਤੀ ਖਵਾਇਆ ਜਾਂਦਾ। ਇਨ੍ਹਾਂ ਹਾਲਤਾਂ ਕਰ ਕੇ ਸਵਦੇਸ਼ੀ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੁੰਦੇ ਅਤੇ ਕਮਜ਼ੋਰ ਰਹਿੰਦੇ। ਮਾੜੀ ਸਾਫ਼ ਸਫ਼ਾਈ ਅਤੇ ਬਿਮਾਰੀਆਂ ਕਾਰਨ ਕਈ ਬੱਚੇ ਮਰ ਜਾਂਦੇ। ਜ਼ਿਆਦਾਤਰ ਬੱਚੇ 5ਵੀਂ ਜਮਾਤ ਤੱਕ ਪੜ੍ਹਦੇ ਅਤੇ ਉਸ ਤੋਂ ਬਾਅਦ ਉਨ੍ਹਾਂ ਨੂੰ ਮਜ਼ਦੂਰ ਬਣਾ ਦਿੱਤਾ ਜਾਂਦਾ। ਰਿਹਾਇਸ਼ੀ ਸਕੂਲ ਵਿਚ ਰਹਿਣ ਦੇ ਸਮੇਂ ਕੁੱਝ ਬੱਚਿਆਂ ਤੇ ਹੈਲਥ ਕੈਨੇਡਾ ਵੱਲੋਂ ਤਜਰਬੇ ਕੀਤੇ ਜਾਂਦੇ। ਇਹ ਤਜਰਬੇ ਵੀ ਕੀਤੇ ਗਏ ਕਿ ਕੁਪੋਸ਼ਣ ਕਾਰਨ ਸਿਹਤ ਤੇ ਕੀ ਅਸਰ ਹੁੰਦਾ ਹੈ ਅਤੇ ਇਸ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ। ਰਿਹਾਇਸ਼ੀ ਸਕੂਲਾਂ ਵਿਚ ਜਿਨਸੀ ਸ਼ੋਸ਼ਣ ਆਮ ਸੀ। ਨੌਜਵਾਨ ਲੜਕੀਆਂ ਜਦੋਂ ਗਰਭਵਤੀ ਹੋ ਜਾਂਦੀਆਂ ਤਾਂ ਉਨ੍ਹਾਂ ਦੇ ਬੱਚੇ ਖੋਹ ਲੈ ਜਾਂਦੇ ਅਤੇ ਕਿਤੇ ਹੋਰ ਦੇ ਦਿੱਤੇ ਜਾਂਦੇ ਅਤੇ ਕਈ ਵਾਰ ਮਾਰ ਦਿੱਤੇ ਜਾਂਦੇ।

# ਘਰ ਵਾਪਸੀ Returning home

ਬਚਪਨ ਦੇ ਪਹਿਲੇ ਸਾਲ ਇਨਸਾਨ ਦੇ ਜੀਵਨ ਦੇ ਵਿਕਾਸ ਲਈ ਬੜੇ ਮਹੱਤਵਪੂਰਨ ਹੁੰਦੇ ਹਨ। ਰਿਹਾਇਸ਼ੀ ਸਕੂਲਾਂ ਵਿਚੋਂ ਵਾਪਸ ਆਉਣ ਵਾਲੇ ਬੱਚਿਆਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ। ਇਹ ਬੱਚੇ ਸਰੀਰਕ, ਭਾਵਨਾਤਮਿਕ, ਅਧਿਆਤਮਿਕ ਅਤੇ ਜਿਨਸੀ ਸ਼ੋਸ਼ਣ ਤੋਂ ਦੁਖੀ ਘਰਾਂ ਨੂੰ ਵਾਪਸ ਆਉਂਦੇ। ਰਿਹਾਇਸ਼ੀ ਸਕੂਲਾਂ ਤੋਂ ਵਾਪਸ ਆਏ ਕਈ ਬੱਚੇ ਆਪਣੀ ਬੋਲੀ ਨਹੀਂ ਬੋਲ ਸਕਦੇ ਸਨ ਅਤੇ ਨਾ ਹੀ ਸਭਿਆਚਾਰਕ ਸਮਾਗਮਾਂ ਵਿਚ ਹਿੱਸਾ ਲੈਂਦੇ ਸਨ। ਕਿਉਂਕਿ ਰਿਹਾਇਸ਼ੀ ਸਕੂਲਾਂ ਵਿਚ ਸਭਿਆਚਾਰਕ ਦਿਖਾਵੇ ਕਾਰਨ ਸਜ਼ਾ ਮਿਲਦੀ ਸੀ ਇਸ ਲਈ ਕਈ ਬੱਚਿਆਂ ਨੂੰ ਆਪਣੇ ਸਭਿਆਚਾਰ ਤੋਂ ਹੀ ਨਫ਼ਰਤ ਦਾ ਅਹਿਸਾਸ ਹੁੰਦਾ। ਰਿਹਾਇਸ਼ੀ ਸਕੂਲਾਂ ਨੇ ਬੱਚਿਆਂ ਦਾ ਮਾਪਿਆਂ ਨਾਲ ਲਗਾਓ ਤੇ ਵੀ ਅਸਰ ਕੀਤਾ ਜਿਸ ਨੇ ਪਰਵਾਰਕ ਸਾਂਝ ਨੂੰ ਸੱਟ ਮਾਰੀ ਜੋ ਅਗਲੀਆਂ ਕਈ ਪੀੜ੍ਹੀਆਂ ਤੱਕ ਜਾਏਗੀ।

ਇੰਡੀਅਨ ਰਿਹਾਇਸ਼ੀ ਸਕੂਲਾਂ ਦਾ ਸਿਸਟਮ ਐਸਾ ਬਣਾਇਆ ਗਿਆ ਸੀ ਕਿ ਬੱਚਿਆਂ ਵਿਚ ਪਹਿਲਾਂ ਤੋਂ ਪ੍ਰਫੁਲਿਤ ਹੋਏ ਸਭਿਆਚਾਰਕ ਗਿਆਨ ਨੂੰ ਖ਼ਤਮ ਕੀਤਾ ਜਾਏ ਅਤੇ ਉਹ ਆਪਣੇ ਪਰਵਾਰ ਅਤੇ ਭਾਈਚਾਰੇ ਤੋਂ ਅਲੱਗ ਹੋ ਜਾਣ। ਆਪਣੇ ਘਰਾਂ ਅਤੇ ਭਾਈਚਾਰੇ ਤੋਂ ਟੁੱਟ ਕੇ ਅਤੇ ਯੂਰੋ-ਕੈਨੇਡੀਅਨ 'ਮੁਖਧਾਰਾ' ਤੋਂ ਵੱਖ ਇਨ੍ਹਾਂ ਸਵਦੇਸ਼ੀ ਬੱਚਿਆਂ ਨੇ ਕਮੀ ਅਤੇ ਸ਼ਰਮ ਅਤੇ ਕਿਸੇ ਨਾਲ ਰਿਸ਼ਤੇ ਦੀ ਅਣਹੋਂਦ ਨੂੰ ਮਹਿਸੂਸ ਕੀਤਾ ਜਿਸ ਦਾ ਅਸਰ ਕਈ ਪੁਸ਼ਤਾਂ ਤੱਕ ਪਵੇਗਾ।

ਮੈਨੀਟੋਬਾ ਟ੍ਰਾਉਮਾ ਇਨਫ਼ਾਰਮਡ ਇਫ਼ਰਮੇਸ਼ਨ ਅਤੇ ਐਜੂਕੇਸ਼ਨ ਸੈਂਟਰ ਦੀ ਰਿਪੋਰਟ:

"ਇੱਕ ਬੜਾ ਜ਼ਰੂਰੀ ਵਿਚਾਰਨਯੋਗ ਤੱਥ ਇਹ ਹੈ ਕਿ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ, ਉਨ੍ਹਾਂ ਦੇ ਕੁਦਰਤੀ ਭਾਈਚਾਰੇ ਅਤੇ ਸਭਿਆਚਾਰਕ ਸਮਰਥਕਾਂ ਵਿਚਕਾਰ ਮੋਹ ਦੇ ਰਿਸ਼ਤੇ ਨੂੰ ਕਿਵੇਂ ਤੋੜਿਆ ਗਿਆ। ਬੱਚੇ ਲਈ ਉਸ ਦੀ ਦੇਖਭਾਲ ਕਰਨ ਵਾਲਿਆਂ ਤੋਂ ਉਸ ਨੂੰ ਦੂਰ ਲੈ ਜਾਣ ਦਾ ਅਹਿਸਾਸ ਬੜਾ ਦੁਖਦਾਈ ਹੁੰਦਾ ਹੈ ਅਤੇ ਉਸ ਦਾ ਅਸਰ ਬੱਚੇ ਦੇ ਵਿਕਾਸ ਤੇ ਬਹੁਤ ਪੈਂਦਾ ਹੈ। ਬੱਚੇ ਦੇ ਸਿਹਤਮੰਦ ਵਿਕਾਸ ਲਈ ਇਕ ਹਮਦਰਦ, ਪਾਲਣ ਪੋਸ਼ਣ ਕਰਨ ਵਾਲੇ ਅਤੇ ਲਗਾਤਾਰ ਸਿਹਤ ਸੰਭਾਲ ਕਰਨ ਵਾਲੇ ਨਾਲ ਪਿਆਰ ਦਾ ਸਬੰਧ ਹੋਣਾ ਬੜਾ ਜ਼ਰੂਰੀ ਹੈ। ਮਾਪਿਆ ਕੋਲੋਂ ਅਲੱਗ ਕਰਨ ਤੋਂ ਬਾਅਦ ਰਿਹਾਇਸ਼ੀ ਸਕੂਲ ਦੇ ਕਈ ਬੱਚਿਆਂ ਨੂੰ ਐਸੇ ਪਿਆਰ ਦਾ ਤਜਰਬਾ ਕਦੀ ਨਹੀਂ ਹੋਇਆ ਅਤੇ ਆਪਣੇ ਮਾਪਿਆਂ ਤੋਂ ਦੂਰ ਰਹਿਣ ਦੇ ਸਦਮੇਂ ਕਾਰਨ ਅੱਜ ਸੰਘਰਸ਼ ਕਰ ਰਹੇ ਹਨ। ਇਨ੍ਹਾਂ ਮੋਹ ਪਿਆਰ ਵਿਚ ਪਈਆਂ ਤਰੇੜਾਂ ਦਾ ਅਸਰ ਵਿਅਕਤੀਗਤ, ਪਰਵਾਰਕ ਅਤੇ ਭਾਈਚਾਰਕ ਪੱਧਰ ਤੇ ਮਹਿਸੂਸ ਕੀਤਾ ਜਾਂਦਾ ਹੈ"।

ਕਈ ਬਚੇ ਹੋਏ ਲੋਕ ਇਸ ਦੱਸਦੇ ਹਨ ਕਿ ਸਦਮੇਂ ਸਹਿਣ ਦੇ ਦੁੱਖ ਕਾਰਨ ਸਾਨੂੰ ਪਤਾ ਹੀ ਨਹੀਂ ਕਿ ਪਿਆਰ ਵਾਲਾ ਸਿਹਤਮੰਦ ਪਰਵਾਰ ਕਿਹੋ ਜਿਹਾ ਹੁੰਦਾ ਹੈ ਜਾਂ ਮਾਪਿਆਂ ਵੱਲੋਂ ਕਿਵੇਂ ਪਰਵਰਿਸ਼ ਹੁੰਦੀ ਹੈ। ਪਰੰਪਰਾਗਤ ਪਾਲਣ ਪੋਸ਼ਣ ਦੇ ਰਿਵਾਜ ਅਗਲੀ ਪੀੜ੍ਹੀ ਨੂੰ ਦੱਸੇ ਹੀ ਨਹੀਂ ਗਏ। ਕਿਉਂਕਿ ਰਿਹਾਇਸ਼ੀ ਸਕੂਲਾਂ ਤੋਂ ਬਚੇ ਜ਼ਿਆਦਾਤਰ ਲੋਕ ਦਾ ਪਾਲਣ ਪੋਸ਼ਣ ਫੌਜੀ ਹੁਕਮਾਂ ਵਾਂਗ ਨਿਰਦੇਸ਼ਾਂ ਨਾਲ ਕੀਤਾ ਗਿਆ, ਉਨ੍ਹਾਂ ਨੂੰ ਸਵਦੇਸ਼ੀ ਲੋਕਾਂ ਦਾ ਬੱਚਿਆਂ ਪਰਤੀ ਪਿਆਰ, ਦਿਆਲਤਾ ਵਾਲਾ ਵਿਸ਼ਵ ਦ੍ਰਿਸ਼ਟੀਕੋਣ ਸਿਖਾਇਆ ਹੀ ਨਹੀਂ ਗਿਆ ਜੋ ਅਸੀਂ ਅਗਲੀ ਪੀੜ੍ਹੀ ਨੂੰ ਸਿਖਾ ਸਕੀਏ। ਕਈ ਨੌਜਵਾਨ ਸਵਦੇਸ਼ੀ ਦੱਸਦੇ ਹਨ ਕਿ ਉਨ੍ਹਾਂ ਨੂੰ ਮਾਪਿਆਂ ਵੱਲੋਂ ਕਦੀ ਦੱਸਿਆ ਹੀ ਨਹੀਂ ਗਿਆ ਉਨ੍ਹਾਂ ਬੱਚਿਆਂ ਨੂੰ ਪਿਆਰ ਕੀਤਾ ਹੈ ਅਤੇ ਇਹ ਪੀੜ੍ਹੀ ਇਸ ਪਰੰਪਰਾ ਨੂੰ ਤੋੜ ਰਹੀ ਹੈ।

ਰਿਹਾਇਸ਼ੀ ਸਕੂਲਾਂ ਦੇ ਸਿਸਟਮ ਦੇ ਲੰਮੇ ਸਮੇਂ ਦੇ ਅਸਰ ਨੂੰ ਪੁਸ਼ਤ ਦਰ ਪੁਸ਼ਤ ਸਦਮਾ ਕਹਿੰਦੇ ਹਨ ਅਤੇ ਸਬੂਤ ਦੱਸਦੇ ਹਨ ਕਿ ਇਹ ਸਦਮਾ ਪੁੱਤਰਾਂ, ਪੋਤਰਿਆਂ ਤੱਕ ਜਾਂਦਾ ਹੈ। ਪੁਸ਼ਤ ਦਰ ਪੁਸ਼ਤ ਸਦਮਾ ਸਿਰਫ਼ ਰਿਹਾਇਸ਼ੀ ਸਕੂਲਾਂ ਵਿਚੋਂ ਬਚੇ ਹੋਏ ਲੋਕਾਂ ਤੱਕ ਹੀ ਸੀਮਤ ਨਹੀਂ ਇਹ ਸਦਮਾ ਸਵਦੇਸ਼ੀ ਲੋਕਾਂ ਨੇ ਵੀ ਹੰਢਾਇਆ ਹੈ ਜਦੋਂ ਨਵੇਂ ਵੱਸਣ ਵਾਲੇ ਆਏ।

ਸਰ ਜੋਹਨ ਏ. ਮੈਕਡੌਨਲਡ ਨੇ ਉਨ੍ਹਾਂ ਨੁਕਸਾਨਾਂ ਨੂੰ ਸਮਝਿਆ ਜੋ ਰਿਹਾਇਸ਼ੀ ਸਕੂਲਾਂ ਕਾਰਨ ਸਵਦੇਸ਼ੀ ਪਰਵਾਰਾਂ ਅਤੇ ਭਾਈਚਾਰੇ ਨੂੰ ਹੋਏ ਜਿਸ ਵਿਚ ਸਕੂਲ ਜਾਣ ਦੀ ਉਮਰ ਦੇ ਬੱਚਿਆਂ ਦੀਆਂ ਮੌਤਾਂ ਦੀ ਉੱਚੀ ਦਰ ਸ਼ਾਮਲ ਹੈ। ਮੈਕਡੌਨਲਡ ਦੱਸਦੇ ਹਨ ਕਿ 1910 ਵਿਚ, " ਇਹ ਮੰਨਿਆ ਜਾਂਦਾ ਹੈ ਕਿ ਇਨ੍ਹਾਂ ਰਿਹਾਇਸ਼ੀ ਸਕੂਲਾਂ ਵਿਚ ਸਵਦੇਸ਼ੀ ਬੱਚੇ ਇੰਨੇ ਜ਼ਿਆਦਾ ਇਕੱਠੇ ਰਹਿੰਦੇ ਸਨ ਕਿ ਉਹ ਬਿਮਾਰੀ ਵਿਰੁੱਧ ਲੜਣ ਦੀ ਆਪਣੀ ਸ਼ਕਤੀ ਗਵਾ ਲੈਂਦੇ ਸਨ ਅਤੇ ਪਿੰਡਾਂ ਨਾਲੋਂ ਇਨ੍ਹਾਂ ਦੀ ਮੌਤ ਦਰ ਬਹੁਤ ਜ਼ਿਆਦਾ ਹੁੰਦੀ ਸੀ। ਸਵਦੇਸ਼ੀ ਸਮੱਸਿਆ ਦੇ ਸੰਪੂਰਨ ਅਤੇ ਅੰਤਿਮ ਹੱਲ ਲਈ ਇਸ ਇੱਕ ਕਾਰਨ ਨੂੰ ਇਸ ਵਿਭਾਗ ਦੀ ਨੀਤੀ ਬਦਲਣ ਲਈ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ"।



# ਸਵਦੇਸ਼ੀ ਲੋਕਾਂ ਨੂੰ ਪ੍ਰਭਾਵਿਤ ਕਰਦੀਆਂ ਮੌਜੂਦਾ ਨੀਤੀਆਂ
# Current policies Impacting Indigenous people

ਫ਼ਸਟ ਨੇਸ਼ਨਜ਼ ਦੀ ਅਸੈਂਬਲੀ (ਏ.ਐੱਫ਼.ਐੱਨ), ਸੱਚ ਅਤੇ ਸੁਲਾਹ ਵਾਲੀ ਕਮੇਟੀ (ਟੀ.ਆਰ.ਸੀ.) ਅਤੇ ਸੰਯੁਕਤ ਰਾਸ਼ਟਰ (ਯੂ.ਐੱਨ.) ਸਭ ਨੇ ਕੈਨੇਡਾ ਨੂੰ ਨਸਲੀ ਸਰੇਸ਼ਟਤਾ ਦੇ ਸਿਧਾਂਤ ਨੂੰ ਤਿਆਗਣ ਲਈ ਕਿਹਾ ਹੈ। ਫ਼ਸਟ ਨੇਸ਼ਨਜ਼ ਦੀ ਅਸੈਂਬਲੀ ਦਾ ਕਹਿਣਾ ਹੈ ਕਿ, "ਹਾਲਾਂਕਿ ਇਸ ਦਾ ਇਹ ਮਤਲਬ ਨਹੀਂ ਕਿ ਪਿਛਲੀਆਂ ਬੇਇਨਸਾਫ਼ੀਆਂ ਨਹੀਂ ਬਦਲਨਗੀਆਂ, ਪਰ ਇਹ ਕੈਨੇਡਾ ਦੀ ਜ਼ਿੰਮੇਵਾਰੀ ਅਤੇ ਫ਼ਸਟ ਨੇਸ਼ਨਜ਼ ਸਬੰਧੀ ਕੈਨੇਡਾ ਦੇ ਜੋ ਇਸ ਸਮੇਂ ਫ਼ਰਜ਼ ਬਣਦੇ ਹਨ ਉਨ੍ਹਾਂ ਦੀ ਪਹਿਚਾਣ ਨੂੰ ਸਵੀਕਾਰ ਕਰੇਗਾ"। ਸੰਖੇਪ ਰੂਪ ਵਿਚ ਕੈਨੇਡਾ ਨੂੰ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਕੈਨੇਡਾ ਦੇ ਵਿਕਾਸ ਲਈ ਜੋ ਕਾਨੂੰਨ ਬਣਾਏ ਗਏ ਸਨ ਉਹ ਨਸਲੀ ਸਰੇਸ਼ਟਤਾ ਦੇ ਸਿਧਾਂਤ ਤੇ ਬਣੇ ਸਨ।

ਫ਼ਸਟ ਨੇਸ਼ਨਜ਼ ਦੀ ਅਸੈਂਬਲੀ ਅੱਗੇ ਹੋਰ ਕਹਿੰਦੀ ਹੈ:

"ਕਿ ਫ਼ਸਟ ਨੇਸ਼ਨਜ਼ ਦੇ ਵਿਰੁੱਧ ਖੜੇ ਹੋਣ ਦੀ ਬਜਾਏ ਕੈਨੇਡਾ ਨੂੰ ਜ਼ਮੀਨ ਦੇ ਹੱਕਾਂ ਬਾਰੇ ਫੈਸਲਾ ਕਰਨਾ ਚਾਹੀਦਾ ਹੈ ਅਤੇ ਤਾਜ ਦਾ ਸਨਮਾਨ ਕਰਨਾ ਚਾਹੀਦਾ ਹੈ ਜੋ ਸਾਡੇ ਜ਼ਮੀਨ ਦੇ ਹੱਕਾਂ ਨੂੰ ਨਹੀਂ ਘਟਾਉਂਦਾ। ਫ਼ਸਟ ਨੇਸ਼ਨ ਨੂੰ ਆਪਣੇ ਜ਼ਮੀਨੀ ਹੱਕਾਂ ਦੇ ਮਨਾਉਣ ਲਈ ਲੰਮੀਆਂ ਅਤੇ ਮਹਿੰਗੀਆਂ ਕਾਨੂੰਨੀ ਲੜਾਈਆਂ ਲੜਨ ਵੱਲ ਨਹੀਂ ਧੱਕਿਆ ਜਾਣਾ ਚਾਹੀਦਾ"।


ਕੈਨੇਡਾ ਵਿਚ ਜ਼ਮੀਨੀ ਹੱਕਾਂ ਦੀ ਲੜਾਈ ਵਿਚ ਬਹੁਤ ਰੁਕਾਵਟਾਂ ਹਨ। ਮੌਜੂਦਾ ਟਾਈਟਲ ਅਤੇ ਹੱਕਾਂ ਦੀ ਬਹਾਲੀ ਲਈ ਫ਼ੈਡਰਲ ਸਰਕਾਰ ਨੂੰ ਅਦਾਲਤ ਵਿਚ ਖੜੇ ਕਰਨ ਦੇ ਖਰਚੇ ਦਾ ਭਾਰ ਫ਼ਸਟ ਨੇਸ਼ਨਜ਼ ਤੇ ਪੈਂਦਾ ਹੈ, ਜਿਨ੍ਹਾਂ ਵਿਚੋਂ ਕਈ ਆਰਥਕ ਮੰਦੀ ਦਾ ਸ਼ਿਕਾਰ ਹੋ ਚੁੱਕੀਆਂ ਹਨ ਜਿਸ ਨੂੰ ਆਰਥਰ ਮੈਨੂਅਲ 0.2% ਅਰਥਵਿਵਸਥਾ ਕਹਿੰਦਾ ਹੈ। ਸਵਦੇਸ਼ੀ ਟਾਈਟਲ ਅਤੇ ਹੱਕਾਂ ਦੇ ਸਵਾਲ ਬਾਰੇ ਫ਼ਸਟ ਨੇਸ਼ਨਜ਼ ਦੀ ਅਸੈਂਬਲੀ ਦਾ ਕਹਿਣਾ ਹੈ ਕਿ, "ਵੱਡਾ ਸਵਾਲ ਇਹ ਹੈ ਕਿ ਕਰਾਊਨ ਨੂੰ ਟਾਈਟਲ ਕਿਵੇਂ ਮਿਲਿਆ ਅਤੇ ਕਿਸ ਤਰ੍ਹਾਂ ਕਰਾਊਨ ਪ੍ਰਭੂਸੱਤਾ ਦਾ ਦਾਅਵਾ ਕਰ ਰਿਹਾ ਹੈ? ਜੋਹਨ ਬੋਰੋਜ਼ ਇੱਕ ਵਿਦਵਾਨ ਦੱਸਦਾ ਹੈ ਕਿ, ' ਕੈਨੇਡੀਅਨ ਕਾਨੂੰਨ ਸਵਦੇਸ਼ੀ ਲੋਕਾਂ ਲਈ ਇੱਕ ਸਮੱਸਿਆ ਹੀ ਬਣੇ ਰਹਿਣਗੇ ਜਦ ਤੱਕ ਸਰਕਾਰ ਫ਼ਸਟ ਨੇਸ਼ਨਜ਼ ਦੇ ਟਾਈਟਲ ਅਤੇ ਸ਼ਾਸਨ ਦੀਆਂ ਉਨ੍ਹਾਂ ਦੀਆਂ ਸ਼ਕਤੀਆਂ ਨੂੰ ਸਰਕਾਰ ਆਪਣੀਆਂ ਬਣਾਈ ਰੱਖੇਗੀ'"।

ਸਵਦੇਸ਼ੀਆਂ ਦੇ ਹੱਕਾਂ ਅਤੇ ਟਾਈਟਲ ਦੀ ਹੋਂਦ ਹੈ-
ਡੀਗਕਮਕਸ ਹੱਕ ਅਤੇ ਮਾਨਤਾ ਫ਼ਰੇਮਵਰਕ
DRIPA / UNDRIP

https://www2.gov.bc.ca/gov/content/governments/indigenous-people/new-relationship/frequently-asked-questions-the-united-nations-declaration-on-the-rights-of-indigenous-peoples

- ਯੈਲੋਹੈੱਡ ਇੰਸਟੀਚਿਊਟ ਸੀ.ਜੀ.: ਬੇਸ਼ੱਕ ਇਹ ਸੰਧੀ ਨਹੀਂ ਪਰ ਫਿਰ ਵੀ ਇਹ ਬਹੁਤ ਤਾਕਤਵਰ ਹੋ ਸਕਦੀ ਹੈ। ਮੈਂ ਬੀ.ਸੀ. ਦੇ ਕਾਨੂੰਨ ਬਾਰੇ ਕੁੱਝ ਬੋਲਣਾ ਚਾਹੁੰਦਾ ਹਾਂ। ਕੀ ਤੁਸੀਂ ਸਮਝਦੇ ਹੋ ਕਿ ਬੀ.ਸੀ. ਦਾ ਕਾਨੂੰਨ ਦੀ ਸੂਬਾਈ ਸਰਕਾਰਾਂ ਉਸੇ ਤਰ੍ਹਾਂ ਪਾਬੰਦ ਹੈ ਜਿਵੇਂ ਤੁਸੀਂ ਸੋਚਦੇ ਹੋ? ਜੇ.ਬੀ.: ਸਿਆਸੀ ਭਾਈਚਾਰਿਆਂ ਲਈ ਅੰਤਰਰਾਸ਼ਟਰੀ ਕਾਨੂੰਨ ਲਾਗੂ ਕਰਨ ਲਈ ਆਮ ਤਰੀਕਾ ਹੈ ਨਵਾਂ ਕਾਨੂੰਨ ਬਣਾ ਕੇ। ਇਸ ਲਈ ਇਹ ਪ੍ਰਕਿਰਿਆ ਸਾਡੇ ਸੰਧੀ ਦੇ ਮਿਆਰ, ਸਾਡੇ ਅੰਤਰ ਰਾਸ਼ਟਰੀ ਕਾਨੂੰਨ ਜਾਂ ਪ੍ਰਚਲਿਤ ਅੰਤਰ ਰਾਸ਼ਟਰੀ ਕਾਨੂੰਨ ਸਬੰਧੀ ਸਿਧਾਂਤ ਜਾਂ ਅੰਤਰ ਰਾਸ਼ਟਰੀ ਆਮ ਸਿਧਾਂਤਾਂ ਬਾਰੇ ਪਛਾਣ ਕਰੇਗੀ ਅਤੇ ਉਹ ਕਹਿਣਗੇ ਕਿ, "ਠੀਕ- ਇਹੀ ਮਿਆਰ ਹੈ, ਇਸ ਲਈ ਆਪਣੇ ਕਾਨੂੰਨਾਂ ਨੂੰ ਸ਼ਕਤੀ ਅਤੇ ਸਥਿਰਤਾ ਦੇਣ ਲਈ ਹੁਣ ਇਹ ਮਿਆਰ ਸਾਨੂੰ ਆਪਣੇ ਕਾਨੂੰਨਾਂ ਵਿਚ ਕਾਇਮ ਕਰਨਾ ਚਾਹੀਦਾ ਹੈ"। ਜੇ ਬੀ.ਸੀ. ਸਰਕਾਰ ਇਸ ਨੂੰ ਇੱਕ ਸੰਧੀ ਦੀ ਥਾਂ "ਸਿਰਫ਼" ਇੱਕ ਘੋਸ਼ਣਾ ਸਮਝਦੀ ਹੈ ਤਾਂ ਉਹ ਇਸ ਨੂੰ ਇਕ ਕਾਨੂੰਨ ਬਣਾਉਣ ਲਈ ਪਾਬੰਦ ਨਹੀਂ ਹੋਵੇਗੀ, ਉਹ ਸਵਦੇਸ਼ੀ ਲੋਕਾਂ ਨਾਲ ਕੰਮ ਕਰਨ ਜਾਂ ਅਧਿਕਾਰਾਂ ਨੂੰ ਲਾਗੂ ਕਰਨ ਲਈ ਫ਼ੈਡਰਲ ਸਰਕਾਰ ਨਾਲ ਕੋਈ ਹੋਰ ਤਰੀਕਾ ਅਪਣਾ ਸਕਦੇ ਸਨ। ਪਰ ਜਿਸ ਹੱਦ ਤੱਕ ਇਹ ਅੰਤਰ ਰਾਸ਼ਟਰੀ ਕਾਨੂੰਨ, ਰਵਾਇਤੀ ਅੰਤਰ ਰਾਸ਼ਟਰੀ ਕਾਨੂੰਨ ਦੇ ਸਿਧਾਂਤ ਨਿਰੂਪਣ ਕਰਦਾ ਹੈ, ਤਾਂ ਇਸ ਦੀ ਇੱਕ ਜ਼ਿੰਮੇਵਾਰੀ ਹੋਵੇਗੀ
- ਹਿਊਮੈਨ ਰਾਈਟਸ ਟ੍ਰੀਬਿਊਨਲ – ਬਲੈਕਸਟਾਕ ਬਨਾਮ ਕੈਨੇਡਾ ਸਰਕਾਰ

Skookamina Marchand, Syilx and Secwepemc



# ਕੈਨੇਡਾ ਵਿਚ ਸਵਦੇਸ਼ੀ ਵਿਰੋਧੀ ਨਸਲਵਾਦ

## Anti-Indigenous Racism in Canada

ਸਵਦੇਸ਼ੀ ਵਿਰੋਧੀ ਪੱਖਪਾਤ ਵਿਚ ਸਵਦੇਸ਼ੀ ਲੋਕਾਂ, ਉਨ੍ਹਾਂ ਦੇ ਇਤਿਹਾਸ, ਸਭਿਆਚਾਰ ਅਤੇ ਦਰਪੇਸ਼ ਮੌਜੂਦਾ ਮੁੱਦਿਆਂ ਬਾਰੇ ਘੱਟ ਜਾਣਕਾਰੀ ਦਾ ਯੋਗਦਾਨ ਹੈ। ਕੈਨੇਡਾ ਦੇ ਵਿੱਦਿਆ ਦੇ ਸਿਸਟਮ ਨੇ ਵੀ ਜਾਣਕਾਰੀ ਦੀ ਘਾਟ ਵਿਚ ਹਿੱਸਾ ਪਾਇਆ ਹੈ ਅਤੇ ਸਵਦੇਸ਼ੀ ਲੋਕਾਂ ਅਤੇ ਉਨ੍ਹਾਂ ਦੀਆਂ ਬੋਲੀਆਂ ਨੂੰ ਦਬਾਇਆ ਅਤੇ ਘੱਟ ਪ੍ਰਤੀਨਿਧਤਾ ਦਿੱਤੀ ਹੈ।

ਤਾਜ਼ਾ ਇਤਿਹਾਸ ਵਿਚ, ਵਿਦਿਅਕ ਸਮੱਗਰੀ ਵਿਚ ਕੈਨੇਡਾ ਵਿਚ ਨਵੇਂ ਆਏ ਨਿਵਾਸੀਆਂ ਦੇ ਸਭਿਆਚਾਰ ਦੇ ਇਤਿਹਾਸ ਦਾ ਜ਼ਿਆਦਾ ਸਮਰਥਨ ਕੀਤਾ ਗਿਆ ਹੈ। ਅੱਜ ਦੇ ਦਿਨ ਤੱਕ, ਕੈਨੇਡੀਅਨ ਸਕੂਲੀ ਬੱਚਿਆਂ ਨੂੰ ਐਸੀ ਸਮਗਰੀ ਦਿੱਤੀ ਜਾਂਦੀ ਹੈ ਜਿਸ ਵਿਚ ਕੋਲੰਬਸ ਦੇ ਆਉਣ ਨੂੰ ਬਹੁਤ ਵਡਿਆਇਆ ਗਿਆ ਹੈ ਜਿਸ ਨੇ ਇਸ ਧਰਤੀ ਦੀ ਖੋਜ ਕੀਤੀ ਜਿਸ ਨੂੰ ਉੱਤਰੀ ਅਮਰੀਕਾ ਕਿਹਾ ਜਾਂਦਾ ਹੈ। ਸੂਬਾਈ ਅਤੇ ਖੇਤਰੀ ਵਿਦਿਅਕ ਅਧਿਕਾਰੀ ਹੁਣ ਆਪਣੇ ਪਾਠਕ੍ਰਮ ਵਿਚ ਤਬਦੀਲੀ ਕਰਨ ਲਈ ਸਵਦੇਸ਼ੀ ਵਿਸ਼ਵ ਦ੍ਰਿਸ਼ਟੀਕੋਣ ਸ਼ਾਮਲ ਕਰਨਾ ਸ਼ੁਰੂ ਕਰ ਰਹੇ ਹਨ, ਪਰ ਕਈਆਂ ਦਾ ਖ਼ਿਆਲ ਹੈ ਕਿ ਇਹ ਤਬਦੀਲੀ ਬਹੁਤ ਧੀਮੀਂ ਹੈ ਅਤੇ ਅਧਿਆਪਕਾਂ ਲਈ ਹੋਰ ਸਿਖਲਾਈ ਅਤੇ ਜ਼ਿਆਦਾ ਸਰੋਤਾਂ ਦੀ ਲੋੜ ਹੈ। ਸਵਦੇਸ਼ੀ ਦ੍ਰਿਸ਼ਟੀਕੋਣ ਤੋਂ ਅਣਹੋਂਦ ਵਾਲੀ ਸਿਖਿਆ ਸਵਦੇਸ਼ੀ ਲੋਕਾਂ ਵਿਰੁੱਧ ਹੋਰ ਖ਼ਤਰਨਾਕ ਧਾਰਨਾਵਾਂ ਪੈਦਾ ਕਰੇਗੀ।

ਮੁੱਖ ਧਾਰਾ ਵਾਲੇ ਸੰਚਾਰ ਸਾਧਨ ਅਕਸਰ ਸਵਦੇਸ਼ੀਆਂ ਦੀਆਂ ਸਮਾਜਿਕ ਸਮੱਸਿਆਵਾਂ, ਕਹਾਣੀਆਂ ਜਾਂ ਇਤਿਹਾਸ ਵਿਚ ਅਸ਼ਾਂਤੀ ਦਿਖਾ ਕੇ ਸਵਦੇਸ਼ੀ ਲੋਕਾਂ ਨੂੰ ਉਪੱਦਰੀ ਅਤੇ ਗੈਰ ਕਾਨੂੰਨੀ ਪੇਸ਼ ਕਰਦੇ ਹਨ। ਸੰਚਾਰ ਸਾਧਨਾ ਵਿਚ ਸਵਦੇਸ਼ੀ ਵਿਰੋਧੀ ਮਿਸਾਲਾਂ ਵਿਚ ਇੱਕ ਜਵਾਨ ਸਵਦੇਸ਼ੀ ਕੌਲਟਨ ਬੌਸ਼ੀ (Coulten Boushi) ਜਿਸ ਨੂੰ ਸਕੈਚਵਿਨ ਵਿਚ ਕਤਲ ਕੀਤਾ ਗਿਆ ਸੀ ਦੀ ਮੌਤ ਨੂੰ ਕਿਵੇਂ ਦਰਸਾਇਆ ਗਿਆ। ਕੈਨੇਡੀਅਨ ਮੀਡੀਆ ਨੇ ਕੌਲਟਨ ਬੌਸ਼ੀ ਨੂੰ ਗੈਰਕਾਨੂੰਨੀ ਸ਼ੱਕੀ ਵਜੋਂ ਪੇਸ਼ ਕੀਤਾ ਗਿਆ ਜਦ ਕਿ ਇਸ ਦੇ ਕਾਤਲਾਂ ਨੂੰ ਬਰੀ ਕਰ ਦਿੱਤਾ ਗਿਆ। ਇਸ ਕਹਾਣੀ ਨੇ ਕੈਨੇਡਾ ਦੇ ਸਵਦੇਸ਼ੀ ਭਾਈਚਾਰੇ ਅੰਦਰ ਸਦਮੇਂ ਦੀ ਲਹਿਰ ਪੈਦਾ ਕਰ ਦਿੱਤੀ ਅਤੇ ਮੀਡੀਆ ਨੂੰ ਕਿਹਾ ਗਿਆ ਕਿ ਉਹ ਸਵਦੇਸ਼ੀ ਭਾਈਚਾਰੇ ਦੀਆਂ ਖ਼ਬਰਾਂ ਨਿਰਪੱਖ ਨਜ਼ਰੀਏ ਤੋਂ ਦੇਵੇ।

ਇੱਥੇ ਬੀ.ਸੀ. ਭਾਈਚਾਰੇ ਦੇ ਨੌਜਵਾਨ ਆਪਣੇ ਰਵਾਇਤੀ ਇਲਾਕਿਆਂ ਦੀ ਸੁਰੱਖਿਆ ਲਈ ਕੰਮ ਕਰ ਰਹੇ ਹਨ ਜੋ ਇਲਾਕੇ ਸਰੋਤਾਂ ਦੀ ਨਿਕਾਸੀ ਕਰ ਕੇ ਪ੍ਰਭਾਵਿਤ ਹੋਏ ਹਨ।

ਇੱਕ ਨੌਜਵਾਨ ਨੇ ਦੱਸਿਆ ਕਿ, "ਅਸੀਂ ਇਹ ਸੁਨਿਸ਼ਚਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਭਵਿੱਖ ਵਿਚ ਬੱਚੇ ਜ਼ਮੀਨ ਅਤੇ ਇਸ ਦੇ ਸਰੋਤਾਂ ਤੇ ਨਿਰਭਰ ਕਰ ਸਕਣ"। ਕੈਨੇਡੀਅਨ ਮੀਡੀਆ ਵਿਚ ਇਨ੍ਹਾਂ ਨੌਜਵਾਨਾਂ ਨੂੰ "ਪ੍ਰਦਰਸ਼ਨਕਾਰੀ", "ਗੈਰਕਾਨੂੰਨੀ ਨਾਗਰਿਕ" ਅਤੇ "ਨਾਜਾਇਜ਼ ਕਬਜ਼ਾ ਕਰਨ ਵਾਲੇ" ਦਿਖਾਇਆ ਜਾ ਰਿਹਾ ਹੈ।

ਮੁੱਖ ਮੀਡੀਆ ਸਦਮੇ ਵਾਲੀਆਂ, ਦੁਖਦਾਈ, ਭੜਕਾਊ ਖ਼ਬਰਾਂ ਦੇ ਕੇ ਖ਼ਤਰਨਾਕ ਧਾਰਨਾਵਾਂ ਪੈਦਾ ਕਰ ਰਿਹਾ ਹੈ ਜੋ ਸਵਦੇਸ਼ੀ ਭਾਈਚਾਰੇ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਦੇ ਨਾਲ ਸਾਧਾਰਨ ਪੱਖਪਾਤ ਨਸਲਵਾਦ ਦੇ ਫੈਲਣ ਲਈ ਬਹੁਤ ਬੁਰਾ ਮਹੌਲ ਪੈਦਾ ਕਰਦਾ ਹੈ।

ਇੱਥੇ ਸਰੀ ਵਿਚ SUILC ਨੇ ਸਰੀ ਵਿਚ ਹੋ ਰਹੇ ਸਵਦੇਸ਼ੀ ਵਿਰੋਧੀ ਨਸਲਵਾਦ ਅਤੇ ਭਾਈਚਾਰੇ ਤੇ ਇਸ ਦੇ ਅਸਰਾਂ ਬਾਰੇ ਦੋ-ਦਿਨਾਂ ਮੰਚ ਦੀ ਮੇਜ਼ਬਾਨੀ ਕੀਤੀ ਸੀ।

## ਮਿੱਥ & ਗ਼ਲਤਫਹਿਮੀਆਂ Myths & Misconceptions

ਅਗਲਾ ਸੈਕਸ਼ਨ ਕੋਰੀ ਵਿਲਸਨ ਦੀ ਕਿਤਾਬ ਪੁਲਿੰਗ ਟੁਗੈਦਰ ਵਿਚੋਂ ਉਨ੍ਹਾਂ ਦੀ ਇਜਾਜ਼ਤ ਨਾਲ ਪੇਸ਼ ਕੀਤਾ ਜਾ ਰਿਹਾ ਹੈ।

ਪੂਰੇ ਸਰੋਤ ਲਈ ਇੱਥੇ ਦੇਖੋ: https://opentextbc.ca/indigenizationfoundations/back-matter/appendix-c-myth-or-fact/

## ਮਿੱਥ ਕਿਵੇਂ ਬਣਦੀਆਂ ਹਨ? Where do Myths Come from?

ਹਾਲਾਂਕਿ ਹਾਲਾਤ ਕਾਫ਼ੀ ਸੁਧਰ ਰਹੇ ਹਨ, ਪਰ ਫਿਰ ਵੀ ਕਾਫ਼ੀ ਕੈਨੇਡੀਅਨਾਂ ਨੂੰ ਸਵਦੇਸ਼ੀ ਲੋਕਾਂ ਦੇ ਅਸਲ ਇਤਿਹਾਸ, ਉਨ੍ਹਾਂ ਦੇ ਸਭਿਆਚਾਰ ਅਤੇ ਉਨ੍ਹਾਂ ਨੂੰ ਦਰਪੇਸ਼ ਮੌਜੂਦਾ ਮੁੱਦਿਆਂ ਬਾਰੇ ਪਤਾ ਨਹੀਂ।

ਇਸ ਦੇ ਕਈ ਕਾਰਨ ਹਨ ਕਿ ਕਿਉਂ:

- ਕਈ ਸਾਲਾਂ ਦੀਆਂ ਸਰਕਾਰੀ ਨੀਤੀਆਂ ਸਵਦੇਸ਼ੀ ਲੋਕਾਂ ਨੂੰ ਕੈਨੇਡੀਅਨ ਸਮਾਜ ਦੀ ਮੁਖਧਾਰਾ ਵਿਚ ਜਜ਼ਬ ਕਰਨ ਲਈ ਹੀ ਕੰਮ ਕਰਦੀਆਂ ਰਹੀਆਂ ਹਨ।
- ਰਿਜ਼ਰਵਾਂ ਨੇ ਫ਼ਸਟ ਨੇਸ਼ਨਜ਼ ਨੂੰ ਕੈਨੇਡੀਅਨ ਸਮਾਜ ਤੋਂ ਅਲੱਗ ਕੀਤਾ ਹੈ।
- ਕੈਨੇਡਾ ਦੇ ਅਸਲ ਇਤਿਹਾਸ ਅਤੇ ਸਵਦੇਸ਼ੀ ਲੋਕਾਂ ਬਾਰੇ ਬਹੁਤ ਘੱਟ ਪੜ੍ਹਾਇਆ ਜਾਂਦਾ ਹੈ।
- ਫ਼ਿਲਮਾਂ, ਟੈਲੀਵਿਜ਼ਨ ਅਤੇ ਹੋਰ ਸੰਚਾਰ ਸਾਧਨ ਆਮ ਤੌਰ ਤੇ ਸਵਦੇਸ਼ੀ ਲੋਕਾਂ ਨੂੰ ਰੂੜੀਵਾਦੀ ਜਾਂ ਪੱਛੜੇ ਹੋਏ ਹੀ ਦਿਖਾਉਂਦੇ ਹਨ।

ਸਵਦੇਸ਼ੀ ਲੋਕਾਂ ਦੇ ਰੂੜੀਵਾਦੀ ਚਰਿੱਤਰ ਦਿਖਾਉਣ ਵਾਲੇ ਇਹ ਵਿੱਦਿਅਕ ਵੀਡੀਓ ਦੇਖੋ: https://www.coursera.org/lecture/aboriginal-education/8th-fire-episode-2-its-time-dY3WR 6:39



Sequoia Marchand, Syilx and Cherokee

# ਮਿੱਥ ਜਾਂ ਤੱਥ Myth or Fact

1. **ਸਵਦੇਸ਼ੀ ਲੋਕਾਂ ਦੀ ਕੋਈ ਲਿਖਤੀ ਭਾਸ਼ਾ ਨਹੀਂ ਸੀ।** ਇਹ ਇੱਕ ਮਿੱਥ ਹੈ। ਯੂਰਪੀਅਨ ਅਤੇ ਏਸ਼ੀਅਨ ਭਾਸ਼ਾਵਾਂ ਦਾ ਲਿਖਤੀ ਰੂਪ ਜਾਣਕਾਰੀ ਦੇ ਪ੍ਰਸਾਰਨ ਕਰਨ ਦਾ ਸਿਰਫ਼ ਇੱਕ ਤਰੀਕਾ ਹੈ ਪਰ ਇਸ ਤੋਂ ਇਲਾਵਾ ਕਈ ਹੋਰ ਤਰੀਕੇ ਵੀ ਹਨ। ਸਵਦੇਸ਼ੀ ਲੋਕਾਂ ਨੇ ਚਿੰਨ੍ਹਾਂ ਅਤੇ ਕਈ ਕਿਸਮ ਦੇ ਪ੍ਰਤੀਕਾਂ ਨੂੰ ਆਪਣੀਆਂ ਕਹਾਣੀਆਂ ਕਹਿਣ ਲਈ ਵਰਤਿਆ ਹੈ। ਟੋਟਮ ਖੰਭੇ, ਪੈਟਰੋਗਲਿਫ਼ ਅਤੇ ਚਿੱਤਰ ਦ੍ਰਿਸ਼ਟੀਗਤ ਭਾਸ਼ਾ ਦੀਆਂ ਕੁੱਝ ਮਿਸਾਲਾਂ ਹਨ। ।

2. **ਸਵਦੇਸ਼ੀ ਲੋਕ ਟੈਕਸ ਨਹੀਂ ਦਿੰਦੇ।** ਇਹ ਵੀ ਮਿੱਥ ਹੈ! ਸਾਰੇ ਕੈਨੇਡੀਅਨ ਲੋਕਾਂ ਵਾਂਗ ਸਵਦੇਸ਼ੀ ਨੂੰ ਵੀ ਟੈੱਕਸ ਭਰਨ ਦੀ ਲੋੜ ਹੁੰਦੀ ਹੈ। ਇਸ ਵਿਚ ਸਾਰੀ ਆਮਦਨ, ਫ਼ੈਡਰਲ, ਸੂਬਾਈ ਅਤੇ ਮਿਊਨਸਪਲ ਟੈੱਕਸ ਅਤੇ ਰਿਜ਼ਰਵ ਤੋਂ ਆਏ ਪਦਾਰਥਾਂ ਅਤੇ ਸੇਵਾਵਾਂ ਦੇ ਟੈੱਕਸ ਸ਼ਾਮਲ ਹਨ। ਛੋਟ ਸਿਰਫ਼ ਫ਼ੈਡਰਲ ਸਰਕਾਰ ਦੁਆਰਾ ਮਾਨਤਾ ਪ੍ਰਾਪਤ "ਸਟੇਟਸ ਇੰਡੀਅਨਾਂ" ਨੂੰ ਹੈ। ਉਨ੍ਹਾਂ ਨੂੰ ਨਹੀਂ ਦੇਣਾ ਪੈਂਦਾ:

   - ਇਨਕਮ ਟੈੱਕਸ, ਜੇ ਉਨ੍ਹਾਂ ਦੀ 60% ਆਮਦਨ ਰਿਜ਼ਰਵ ਵਿਚੋਂ ਹੈ
   - ਸੂਬਾਈ ਜਾਂ ਫ਼ੈਡਰਲ ਸੇਲਜ਼ ਟੈੱਕਸ, ਜੇ ਉਹ ਪਦਾਰਥ ਅਤੇ ਸੇਵਾਵਾਂ ਰਿਜ਼ਰਵ ਵਿਚ ਲੈਂਦੇ ਹਨ ਜਾਂ ਰਿਜ਼ਰਵ ਵਿਚ ਪਹੁੰਚਾਈਆਂ ਜਾਂਦੀਆਂ ਹਨ

ਸਵਦੇਸ਼ੀ ਜਾਗਰੂਕਤਾ ਸਿਖਲਾਈ ਦਾ ਵੀਡੀਓ ਦੇਖਣ ਲਈ ਇੱਥੇ ਜਾਓ: https://www.coursera.org/lecture/aboriginal-education/8th-fire- episode-2-its-time-dY3WR 23:28

3. **ਸਵਦੇਸ਼ੀ ਲੋਕਾਂ ਨਾਲ ਜੋ ਕੁੱਝ ਹੋਇਆ "ਉਸ ਨੂੰ ਬਹੁਤ ਸਮਾਂ ਹੋ ਗਿਆ ਹੈ ਉਨ੍ਹਾਂ ਨੂੰ ਉਹ ਹੁਣ ਭੁੱਲ ਜਾਣਾ ਚਾਹੀਦਾ ਹੈ"।** ਇਹ ਵੀ ਇੱਕ ਮਿੱਥ ਹੈ! ਸਵਦੇਸ਼ੀ ਲੋਕ ਹਾਲੀ ਵੀ ਬਸਤੀਵਾਦ ਦੇ ਅਸਰ ਨਾਲ ਜੂਝ ਰਹੇ ਹਨ। ਇਸ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਕਿ ਨਵੇਂ ਆਏ ਬਾਸ਼ਿੰਦਿਆਂ ਨਾਲ ਆਈਆਂ ਬਿਮਾਰੀਆਂ ਨੇ ਸਵਦੇਸ਼ੀ ਲੋਕਾਂ ਨੂੰ ਬਿਲਕੁਲ ਖ਼ਤਮ ਹੀ ਕਰ ਦਿੱਤਾ ਸੀ ਜਿਹੜੇ ਕੁੱਝ ਬਚ ਗਏ ਉਹ ਆਪਣੀ ਜੀਵਨਸ਼ੈਲੀ, ਪਹਿਚਾਣ ਸਭਿਆਚਾਰਕ ਪ੍ਰਗਟਾਵਾ ਅਤੇ ਰਵਾਇਤੀ ਰੀਤੀ ਰਿਵਾਜਾਂ ਤੇ ਉਨ੍ਹਾਂ ਸਦਮਿਆਂ ਦੇ ਅਸਰ ਨੂੰ ਝੱਲ ਰਹੇ ਹਨ। ਮਿਸਾਲ ਲਈ ਇੰਡੀਅਨ ਐਕਟ ਹਾਲੀ ਵੀ ਫ਼ਸਟ ਨੇਸਨਜ਼ ਦੇ ਲੋਕਾਂ ਦੀ ਜ਼ਿੰਦਗੀ ਦੇ ਬਹੁਤ ਸਾਰੇ ਪਹਿਲੂਆਂ ਨੂੰ ਕੰਟ੍ਰੋਲ ਕਰਦਾ ਹੈ ਅਤੇ ਫ਼ਸਟ ਨੇਸ਼ਨਜ਼ ਦੀ ਸਵੈ-ਸ਼ਾਸਨ ਦੀ ਯੋਗਤਾ ਨੂੰ ਸੀਮਤ ਕਰਦਾ ਹੈ। 1951 ਤੱਕ ਫ਼ਸਟ ਨੇਸ਼ਨਜ਼ ਦੇ ਤਿੰਨ ਵਿਅਕਤੀਆਂ ਤੋਂ ਵੱਡੇ ਇਕੱਠ, ਪਾਸ ਤੋਂ ਬਿਨਾਂ ਰਿਜ਼ਰਵ ਵਿਚੋਂ ਜਾਣ, ਵਕੀਲ ਕਰਨ, ਜਾਇਦਾਦ ਦਾ ਮਾਲਕ ਹੋਣ ਜਾਂ ਆਪਣੇ ਸਭਿਆਚਾਰ ਮੁਤਾਬਿਕ ਰਹਿਣ ਨੂੰ ਗੈਰ ਕਾਨੂੰਨੀ ਸਮਝਿਆ ਜਾਂਦਾ ਸੀ। ਇਹ ਸਿਰਫ਼ 1982 ਵਿਚ ਸੰਵਿਧਾਨ ਦੀ ਸੋਧ ਕਰ ਕੇ ਸੰਭਵ ਹੋਇਆ ਹੈ ਕਿ ਸਵਦੇਸ਼ੀ ਔਰਤਾਂ ਦਾ ਕਾਨੂੰਨੀ ਸਟੇਟਸ ਉਨ੍ਹਾਂ ਕਿਸ ਮਰਦ ਨਾਲ ਸ਼ਾਦੀ ਕੀਤੀ ਹੈ ਉਸ ਨਾਲ ਨਹੀਂ ਨਿਰਧਾਰਿਤ ਕੀਤਾ ਜਾਂਦਾ। ਬੀ.ਸੀ. ਵਿਚ ਆਖ਼ਰੀ ਰਿਹਾਇਸ਼ੀ ਸਕੂਲ 1984 ਵਿਚ ਬੰਦ ਹੋ ਗਿਆ ਸੀ, ਪਰ ਜੋ ਸਕੂਲਾਂ ਵਿਚ ਨਹੀਂ ਵੀ ਗਏ ਉਹ ਅੱਜ ਵੀ ਉਸ ਦਰਦ, ਨੁਕਸਾਨ ਅਤੇ ਨਸਲੀ ਵਿਤਕਰੇ ਦੀ ਵਿਰਾਸਤ ਦੀ ਪੀੜ ਨੂੰ ਮਹਿਸੂਸ ਕਰ ਰਹੇ ਹਨ।

4. **ਸਵਦੇਸ਼ੀ ਲੋਕ ਸਾਰੇ ਇੱਕੋ ਜਿਹੇ ਹਨ।** ਇਹ ਵੀ ਇੱਕ ਮਿੱਥ ਹੈ! ਕੈਨੇਡਾ ਵਿਚ ਰਹਿੰਦੇ ਸਵਦੇਸ਼ੀ ਲੋਕਾਂ ਅਤੇ ਭਾਈਚਾਰਿਆਂ ਦੀ ਭਾਸ਼ਾ, ਸਭਿਆਚਾਰ ਅਤੇ ਰਵਾਇਤਾਂ ਬਹੁਤ ਭਿੰਨ ਭਿੰਨ ਹਨ। ਬੀ.ਸੀ. ਵਿਚ 200 ਤੋਂ ਜ਼ਿਆਦਾ ਫ਼ਸਟ ਨੇਸ਼ਨਜ਼ ਦੇ ਭਾਈਚਾਰੇ ਹਨ। ਉਹ 36 ਤੋਂ ਜ਼ਿਆਦਾ ਵੱਖਰੀਆਂ ਭਾਸ਼ਾਵਾਂ ਬੋਲਦੇ ਹਨ। 2016 ਦੀ ਮਰਦਮ ਸ਼ੁਮਾਰੀ ਵਿਚ 270,000 ਲੋਕਾਂ ਨੇ ਆਪਣੇ ਆਪ ਨੂੰ ਫ਼ਸਟ ਨੇਸ਼ਨ, ਮੈਟਿਸ, ਜਾਂ ਇਨਊਟ ਲਿਖਵਾਇਆ। ਇਸ ਵਿਚ ਰਿਜ਼ਰਵ ਵਿਚ ਰਹਿਣ ਵਾਲੇ ਫ਼ਸਟ ਨੇਸ਼ਨ ਦੇ ਲੋਕ ਸ਼ਾਮਲ ਨਹੀਂ ਕਿਉਂ ਕਿ ਕਾਫ਼ੀ ਰਿਜ਼ਰਵ ਮਰਦਮ ਸ਼ੁਮਾਰੀ ਵਿਚ ਸ਼ਾਮਲ ਨਹੀਂ ਸਨ ਕੀਤੇ ਗਏ। ਤੁਸੀਂ ਸੂਬੇ ਵਿਚ ਕਿੱਥੇ ਰਹਿੰਦੇ ਹੋ ਉਸ ਮੁਤਾਬਿਕ ਤੁਹਾਡੇ ਰੀਤੀ ਰਿਵਾਜ, ਪਰੰਪਰਾਵਾਂ ਦੂਜਿਆਂ ਨਾਲੋਂ ਵੱਖ ਹੋ ਸਕਦੇ ਹਨ।

5. **ਸਵਦੇਸ਼ੀ ਸਭਿਆਚਾਰ ਬਹੁਤ ਪੁਰਾਣਾ ਹੈ।** ਇਹ ਵੀ ਇੱਕ ਮਿੱਥ ਹੈ! ਸਵਦੇਸ਼ੀ ਲੋਕਾਂ ਦਾ ਸਭਿਆਚਾਰ, ਸ਼ਾਸਨ ਦਾ ਤਰੀਕਾ, ਵਣਜ, ਵਪਾਰ ਅਤੇ ਖੇਤੀ ਬਾੜੀ ਬੜਾ ਪੇਚੀਦਾ ਹੈ ਅਤੇ ਨਵੇਂ ਆਏ ਨਿਵਾਸੀਆਂ ਤੋਂ ਹਜ਼ਾਰਾਂ ਸਾਲ ਪਹਿਲਾਂ ਤੋਂ ਪਰਫੁਲਤ ਹੋਇਆ ਹੈ। ਬੇਸ਼ੱਕ ਕਈ ਸ਼ਾਂਤੀ ਸੰਧੀਆਂ ਪੂਰਬੀ ਅਤੇ ਮੱਧ ਕੈਨੇਡਾ ਵਿਚ ਸਥਾਪਤ ਕੀਤੀਆਂ ਗਈਆਂ ਪਰ ਨਵੇਂ ਆਏ ਵਸਨੀਕਾਂ ਦੀ ਸਰਕਾਰ ਇਨ੍ਹਾਂ ਮਜ਼ਬੂਤ ਪ੍ਰਣਾਲੀਆਂ ਜਾਂ ਸਮਝੌਤਿਆਂ ਦੀ ਪਹੁੰਚ ਨੂੰ ਮਾਨਤਾ ਨਹੀਂ ਦਿੱਤੀ। ਮਿਸਾਲ ਲਈ ਬੀ.ਸੀ. ਦੇ ਗਵਰਨਰ ਜੇਮਜ਼ ਡਗਲਸ ਨੇ ਵੈਨਕੂਵਰ ਜਜ਼ੀਰੇ ਦੇ ਫ਼ਸਟ ਨੇਸ਼ਨਜ਼ ਨਾਲ ਗਲ ਬਾਤ ਕਰ ਕੇ ਸਮਝੌਤੇ ਕੀਤੇ ਪਰ ਬਾਅਦ ਵਿਚ ਆਏ ਗਵਰਨਰਾਂ ਨੇ ਉਨ੍ਹਾਂ ਸਮਝੌਤਿਆਂ ਨੂੰ ਰੱਦ ਕਰ ਦਿੱਤਾ।

6. **ਸਵਦੇਸ਼ੀ ਲੋਕ ਮੁਫ਼ਤ ਯੂਨੀਵਰਸਿਟੀ ਦੀ ਪੜ੍ਹਾਈ ਅਤੇ ਰਿਹਾਇਸ਼ ਪ੍ਰਾਪਤ ਕਰਦੇ ਹਨ।** ਇਹ ਵੀ ਇੱਕ ਮਿੱਥ ਹੈ! ਫ਼ਸਟ ਨੇਸ਼ਨ ਦੇ ਕੁੱਝ ਲੋਕ ਪੋਸਟ-ਸੈਕੰਡਰੀ ਸਿਖਿਆ ਫ਼ੰਡਾਂ ਦੇ ਯੋਗ ਹੁੰਦੇ ਹਨ ਜੇ ਉਹ ਸਟੇਟਸ ਇੰਡੀਅਨ ਹਨ ਅਤੇ ਜੇ ਉਨ੍ਹਾਂ ਦੇ ਫ਼ਸਟ ਨੇਸ਼ਨ ਭਾਈਚਾਰੇ ਕੋਲ ਫ਼ੈਡਰਲ ਸਰਕਾਰ ਵੱਲੋਂ ਦਿੱਤੇ ਫ਼ੰਡ ਕਾਫ਼ੀ ਹਨ ਜਿਸ ਨਾਲ ਉਹ ਪੋਸਟ-ਸੈਕੰਡਰੀ ਸਿੱਖਿਆ ਲਈ ਕੁੱਝ ਜਾਂ ਸਾਰੀ ਮਦਦ ਕਰ ਸਕਦੇ ਹਨ। ਕਈ ਸਵਦੇਸ਼ੀ ਲੋਕਾਂ ਨੂੰ ਪੋਸਟ-ਸੈਕੰਡਰੀ ਸਿੱਖਿਆ ਲਈ ਉਨ੍ਹਾਂ ਦੇ ਭਾਈਚਾਰੇ ਜਾਂ ਸਰਕਾਰ ਤੋਂ ਕੋਈ ਮਦਦ ਨਹੀਂ ਮਿਲਦੀ। ਜਿੱਥੋਂ ਤੱਕ ਮੁਫ਼ਤ ਰਿਹਾਇਸ਼ ਦਾ ਤੁਅੱਲਕ ਹੈ ਹਰ ਇਕ ਫ਼ਸਟ ਨੇਸ਼ਨ ਰਿਜ਼ਰਵ ਵਿਚ ਘਰ ਬਣਾਉਣ ਲਈ ਫ਼ੈਡਰਲ ਸਰਕਾਰ ਨਾਲ ਫ਼ੰਡ ਪ੍ਰਾਪਤ ਕਰਨ ਲਈ ਗਲ ਬਾਤ ਕਰਦਾ ਹੈ ਅਤੇ ਘਰ ਨੂੰ ਗਿਰਵੀ ਰੱਖਦਾ ਹੈ। ਕਿਰਾਏਦਾਰ ਫ਼ਸਟ ਨੇਸ਼ਨ ਨੂੰ ਕਿਰਾਇਆ ਦਿੰਦੇ ਹਨ ਜਿਸ ਨਾਲ ਉਹ ਘਰ ਦੀਆਂ ਕਿਸ਼ਤਾਂ ਦਿੰਦਾ ਹੈ। ਜੇ ਕਿਰਾਏਦਾਰ ਨੂੰ ਕਿਰਾਏ ਵਿਚ ਸਬਸਿਡੀ ਮਿਲਦੀ ਹੈ ਤਾਂ ਇਸ ਲਈ ਕਿ ਉਹ ਬਹੁਤ ਘੱਟ ਆਮਦਨ ਦੇ ਸਟੇਟਸ ਵਾਲਾ ਹੁੰਦਾ ਹੈ। ਘਰ ਦੀਆਂ ਸਾਰੀਆਂ ਕਿਸ਼ਤਾਂ ਦੇਣ ਦੇ ਬਾਵਜੂਦ ਘਰ ਫ਼ਸਟ ਨੇਸ਼ਨ ਦੇ ਨਾਮ ਨਹੀਂ ਹੁੰਦਾ ਅਤੇ ਨਾ ਹੀ ਉਹ ਇਸ ਨੂੰ ਵੇਚ ਸਕਦਾ ਹੈ।

7. **ਹੋਰ ਲੋਕਾਂ ਦੇ ਮੁਕਾਬਲੇ ਸਵਦੇਸ਼ੀ ਲੋਕਾਂ ਵਿਚ ਨਸ਼ਾ ਅਤੇ ਅਪਰਾਧ ਦੀ ਸਮੱਸਿਆ ਬਹੁਤ ਜ਼ਿਆਦਾ ਹੈ।** ਇਹ ਵੀ ਇੱਕ ਮਿੱਥ ਹੈ! ਸਵਦੇਸ਼ੀ ਲੋਕਾਂ ਦੀ ਅਬਾਦੀ ਨੂੰ ਨਸ਼ਿਆਂ ਦਾ ਸਾਹਮਣਾ ਕਰਨ ਦੇ ਜ਼ਿਆਦਾ ਚਾਂਸ ਹਨ ਅਤੇ ਅਪਰਾਧਿਕ ਨਿਆਂ ਪ੍ਰਣਾਲੀ ਵਿਚ ਉਨ੍ਹਾਂ ਨੂੰ ਜ਼ਿਆਦਾ ਦਿਖਾਇਆ ਜਾਂਦਾ ਹੈ ਪਰ ਇਸ ਦਾ ਇਹ ਮਤਲਬ ਨਹੀਂ ਕਿ ਉਹ ਜ਼ਿਆਦਾ ਅਪਰਾਧਿਕ ਜੀਵਨ ਵਾਲੇ ਹਨ ਜਾਂ ਨਸ਼ਿਆਂ ਨੂੰ ਜਲਦੀ ਕਬੂਲ ਕਰਦੇ ਹਨ (ਹਾਲਾਂਕਿ ਕਈ ਵਿਗਿਆਨੀਆਂ ਅਤੇ ਲੋਕਾਂ ਦਾ ਕਈ ਦਹਾਕੇ ਪਹਿਲਾਂ ਇਹੀ ਖਿਆਲ ਸੀ)। ਜ਼ਿਆਦਾ ਨਸ਼ਿਆਂ ਦੀ ਆਦਤ ਅਤੇ ਅਪਰਾਧਿਕ ਨਿਆਂ ਪ੍ਰਣਾਲੀ ਵਿਚ ਉਨ੍ਹਾਂ ਦੇ ਜ਼ਿਆਦਾ ਵਰਣਨ ਦੇ ਕਈ ਕਾਰਨ ਹਨ ਜੋ ਬਸਤੀਵਾਦ ਦੇ ਅਸਰਾਂ ਦਾ ਨਤੀਜਾ ਹਨ। ਜਿਸ ਵਿਚ ਸ਼ਾਮਲ ਹਨ ਉਨ੍ਹਾਂ ਦੇ ਸਭਿਆਚਾਰ, ਰਵਾਇਤਾਂ ਅਤੇ ਭਾਸ਼ਾ ਦੀ ਅਣਦੇਖੀ, ਸਰਕਾਰੀ ਨੀਤੀਆਂ, ਨਸਲਵਾਦ, ਵਿਤਕਰਾ ਅਤੇ ਉਪੱਦਰੀ ਸਮਝਣਾ; ਪਰਵਾਰਕ ਜੀਵਨ ਦਾ ਟੁਟਣਾ, ਗ਼ਰੀਬੀ, ਅਲੱਗ ਰਹਿਣਾ; ਰਿਹਾਇਸ਼ੀ ਸਕੂਲ; ਨਪੁੰਸਕਤਾ, ਅਤੇ ਅੰਤਰਜਾਤੀ ਮੇਲ ਦਾ ਸਦਮਾ। ਵੱਡੇ ਸ਼ਹਿਰਾਂ ਵਿਚ ਗ਼ਰੀਬ ਇਲਾਕਿਆਂ ਵਿਚ ਜ਼ਿਆਦਾ ਪੁਲੀਸ ਹੈ। ਜੇ ਕਰ ਸਵਦੇਸ਼ੀ ਲੋਕ ਆਮ ਕੈਨੇਡੀਅਨ ਨਾਲੋਂ ਗ਼ਰੀਬ ਹਨ (ਗਿਣਤੀ ਅਨੁਸਾਰ ਗ਼ਰੀਬ ਹਨ) ਤਾਂ ਉਨ੍ਹਾਂ ਦਾ ਪੁਲੀਸ ਜਾਂ ਅਪਰਾਧਿਕ ਨਿਆਂ ਪ੍ਰਣਾਲੀ ਦਾ ਸਾਹਮਣਾ ਕਰਨ ਦੇ ਜ਼ਿਆਦਾ ਚਾਂਸ ਹਨ। ਇਸ ਤੋਂ ਇਲਾਵਾ ਇੱਕ ਵਾਰ ਅਪਰਾਧਿਕ ਪ੍ਰਣਾਲੀ ਵਿਚ ਗਏ ਸਵਦੇਸ਼ੀ ਲੋਕਾਂ ਨਾਲ ਹੋਰ ਜ਼ਿਆਦਾ ਵਿਤਕਰਾ ਹੁੰਦਾ ਹੈ ਜੋ ਸਮਝ ਦੀ ਘਾਟ ਅਤੇ ਸਭਿਆਚਾਰਕ ਵਖਰੇਵੇਂ ਕਰ ਕੇ ਸੰਸਥਾਗਤ ਵਿਤਕਰੇ ਅਤੇ ਨਸਲਵਾਦ ਦਾ ਕਾਰਨ ਬਣਦਾ ਹੈ। ਇਸ ਲਈ ਉਨ੍ਹਾਂ ਦਾ ਦੋਸ਼ੀ ਕਰਾਰ ਹੋਣਾ ਅਤੇ ਲੰਮੀਆਂ ਸਜ਼ਾਵਾਂ ਮਿਲਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।

8. **ਸਵਦੇਸ਼ੀ ਨੌਜਵਾਨ ਰਿਹਾਇਸ਼ੀ ਸਕੂਲਾਂ ਅਤੇ ਬਸਤੀਵਾਦ ਕਾਰਨ ਪ੍ਰਭਾਵਿਤ ਨਹੀਂ ਹੋਏ।** ਇਹ ਵੀ ਇੱਕ ਮਿੱਥ ਹੈ! ਬਸਤੀਵਾਦ ਦਾ ਸਵਦੇਸ਼ੀ ਭਾਈਚਾਰੇ ਤੇ ਸਥਾਈ ਅਸਰ ਹੋਇਆ ਹੈ, ਜਿਸ ਵਿਚ ਪਰਵਾਰਕ ਢਾਂਚੇ ਦਾ ਟੁੱਟਣਾ, ਗ਼ਰੀਬੀ, ਉਦਾਸੀ, ਨਸ਼ਾ, ਅੰਤਰਜਾਤੀ ਮੇਲ ਦਾ ਸਦਮਾ ਅਤੇ ਸਦਮੇ ਤੋਂ ਬਾਅਦ ਦਾ ਤਣਾਅ ਸ਼ਾਮਲ ਹਨ। ਸਵਦੇਸ਼ੀ ਨੌਜਵਾਨ ਵਾਸਤੇ ਇਸ ਖ਼ਤਰਨਾਕ ਚੱਕਰ ਨੂੰ ਤੋੜਨ ਲਈ ਕਈ ਸਭਿਆਚਾਰਕ ਅਤੇ ਆਰਥਕ ਰੁਕਾਵਟਾਂ ਨੂੰ ਦੂਰ ਕਰਨਾ ਪਵੇਗਾ। ਜ਼ਿਆਦਾਤਰ ਸਵਦੇਸ਼ੀ ਲੋਕ ਨਸਲਵਾਦ ਦਾ ਸ਼ਿਕਾਰ ਹਨ- ਕਈ ਵਾਰ ਸਿੱਧਾ ਅਤੇ ਜਾਣ ਬੁੱਝ ਕੇ ਅਤੇ ਕਈ ਵਾਰ ਅਣਗਹਿਲੀ, ਗਲਤਫ਼ਹਿਮੀਆਂ ਅਤੇ ਪੱਖਪਾਤ ਦੇ ਰੂਪ ਵਿਚ। ਇਨ੍ਹਾਂ ਗੱਲਾਂ ਦਾ ਅਸਰ ਸਿਹਤਮੰਦ ਅਤੇ ਸਾਰਥਿਕ ਜੀਵਨ ਜਿਊਣ ਦੀ ਯੋਗਤਾ ਤੇ ਪੈਂਦਾ ਹੈ।

9. **ਸਵਦੇਸ਼ੀ ਲੋਕ ਸਰਕਾਰ ਨਾਲ ਮਿਲ ਕੇ ਕੈਨੇਡਾ ਦਾ ਹਿੱਸਾ ਨਹੀਂ ਬਣਨਾ ਚਾਹੁੰਦੇ।** ਇਹ ਵੀ ਇੱਕ ਮਿੱਥ ਹੈ! ਸਵਦੇਸ਼ੀ ਲੋਕ ਪਹਿਲਾਂ ਤੋਂ ਹੀ ਕੈਨੇਡਾ ਦਾ ਹਿੱਸਾ ਹਨ ਅਤੇ ਚਾਹੁੰਦੇ ਹਨ ਕਿ ਫ਼ੈਡਰਲ ਸਰਕਾਰ ਉਨ੍ਹਾਂ ਦੀ ਖ਼ੁਦਮੁਖ਼ਤਿਆਰੀ ਅਤੇ ਹੱਕਾਂ ਨੂੰ ਪ੍ਰਵਾਨ ਕਰੇ ਅਤੇ ਜਿਵੇਂ ਸੰਵਿਧਾਨ ਵਿਚ ਕਿਹਾ ਗਿਆ ਹੈ ਉਨ੍ਹਾਂ ਨੂੰ ਵੱਖਰੇ ਲੋਕਾਂ ਵਜੋਂ ਮਾਨਤਾ ਦੇਵੇ। ਸਵਦੇਸ਼ੀ ਲੋਕਾਂ ਨਾਲ ਕੈਨੇਡਾ ਵਿਚ ਬਹੁਤ ਅਣਉੱਚਿਤ ਵਿਵਹਾਰ ਕੀਤਾ ਗਿਆ ਹੈ- ਉਨ੍ਹਾਂ ਦੀਆਂ ਜ਼ਮੀਨਾਂ ਅਤੇ ਇਲਾਕਿਆਂ ਨੂੰ ਗੈਰਕਾਨੂੰਨੀ ਢੰਗ ਨਾਲ ਖੋਹ ਲਿਆ ਗਿਆ ਹੈ ਅਤੇ ਸਰਕਾਰ ਨੇ ਸਾਡੇ ਨਾਲ ਸਲਾਹ ਮਸ਼ਵਰਾ ਕੀਤੇ ਬਿਨਾਂ ਹੀ ਸਾਡੀ ਤਰਫ਼ੋਂ ਫੈਸਲੇ ਕੀਤੇ ਹਨ।

ਸਵਦੇਸ਼ੀ ਲੋਕਾਂ ਬਾਰੇ ਜਾਣਕਾਰੀ ਦੀ ਸਿਖਲਾਈ ਲਈ ਵੀਡੀਓ ਦੇਖਣ ਲਈ ਇਸ ਵੈਬਸਾਈਟ ਤੇ ਜਾਓ: https://www.coursera.org/lecture/aboriginal-education/8th-fire- episode-2-its-time-dY3WR 23:28

# ਸਵਦੇਸ਼ੀ ਪ੍ਰਤਿਭਾ

# Idigenous Brilliance

## ਸਰੀ ਵਿਚ ਅਗਾਂਹ ਵਧੂ ਸਵਦੇਸ਼ੀ ਵਿਅਕਤੀਆਂ ਦਾ ਸਨਮਾਨ

## Celebrating Indigenous Role Models in Surrey

ਕਈ ਸਵਦੇਸ਼ੀ ਲੋਕ ਆਪਣੀ ਸਵਦੇਸ਼ੀ ਪਹਿਚਾਣ ਨੂੰ ਮੁੜ ਤੋਂ ਬਹਾਲ ਕਰ ਰਹੇ ਹਨ। ਉਹ ਚੰਗੇ ਬੁਲਾਰੇ ਹਨ, ਪੜ੍ਹੇ ਲਿਖੇ ਹਨ ਅਤੇ ਆਪਣੇ ਪੂਰਵਜਾਂ ਵਾਂਗ ਰਚਨਾਤਮਿਕ ਹਨ। ਉਹ ਐਸੇ ਢੰਗ ਤਰੀਕੇ ਖੋਜ ਰਹੇ ਹਨ ਜਿਨ੍ਹਾਂ ਨਾਲ ਸਵਦੇਸ਼ੀ ਰਵਾਇਤਾਂ ਨੂੰ ਅੱਜ ਕਲ ਦੇ ਹਾਣੀ ਬਣਾਇਆ ਜਾ ਸਕੇ। ਇਹ ਅਗਾਂਹ ਵਧੂ ਲੋਕ ਆਪਣੇ ਕੰਮਾਂ ਨੂੰ ਪਿਤਾ ਪੁਰਖੀ ਸਬੰਧਾਂ ਤੇ ਅਧਾਰਿਤ ਕਰ ਰਹੇ ਹਨ। ਅਕਸਰ ਸੰਚਾਰ ਸਾਧਨ ਬੜੀਆਂ ਦੁਖਦਾਈ ਕਹਾਣੀਆਂ ਪੇਸ਼ ਕਰਦਾ ਹੈ ਜਿਨ੍ਹਾਂ ਕਾਰਨ ਸਵਦੇਸ਼ੀ ਪਹਿਚਾਣ ਬਾਰੇ ਨਕਾਰਤਮਕ ਧਾਰਨਾ ਬਣਦੀ ਹੈ, ਅਸੀਂ ਸਰੀ ਵਿਚ ਰਹਿੰਦੀ ਸਵਦੇਸ਼ੀ ਪ੍ਰਤਿਭਾ ਨੂੰ ਉਭਾਰਨ ਦੀ ਉਮੀਦ ਕਰਦੇ ਹਾਂ।

### ਆਲਾਨਾਇਸ ਗੁਡਵਿਲ- ਅਨਿਸ਼ਨਾਬੇ

### Alanaise Goodwill - Anishnaabe



ਡਾ. ਆਲਾਨਾਇਸ ਗੁਡਵਿਲ ਅਨਿਸ਼ਨਾਬੇ ਸੈਂਡੀ ਬੇ ਫ਼ਸਟ ਨੇਸ਼ਨ ਤੋਂ ਹੈ ਜਿਸ ਨੂੰ ਮਨੋਵਿਗਿਆਨ (ਸਾਈਕਾਲੋਜੀ) ਵਿਚ ਡਾਕਟਰੇਟ ਦੀ ਡਿਗਰੀ ਪ੍ਰਾਪਤ ਹੈ- ਅੱਜ ਕਲ ਸਰੀ ਦੇ ਸਾਈਮਨ ਫ਼ਰੇਜ਼ਰ ਯੂਨੀਵਰਸਿਟੀ ਕੈਂਪਸ ਵਿਚ ਪੜ੍ਹਾਉਂਦੀ ਹੈ।
ਅਨਿਸ਼ਨਾਬੇ ਕਾਉਂਸਲਿੰਗ ਮਨੋਵਿਗਿਆਨ ਵਿਚ ਇੱਕ ਵਿਗਿਆਨੀ-ਪ੍ਰੈਕਟੀਸ਼ਨਰ ਅਤੇ ਅਧਿਆਪਕ ਹੈ। ਉਸ ਦੇ ਕੰਮ ਦਾ ਨਿਸ਼ਾਨਾ ਬਸਤੀਵਾਦੀ ਹਿੰਸਾ ਦੇ ਗੰਭੀਰ ਪ੍ਰਗਟਾਵਿਆਂ ਜਿਵੇਂ ਕਿ ਗੈਂਗ ਅਤੇ ਲਿੰਗ ਅਧਾਰਿਤ ਹਿੰਸਾ ਵਾਲੇ ਮਾਨਸਿਕ ਸਿਹਤ ਦੇ ਵਿਹਾਰ ਨੂੰ ਨਕਾਰਤਮਿਕ ਬਣਾਉਣਾ ਹੈ। ਬ੍ਰਿਟਿਸ਼ ਕੋਲੰਬੀਆ ਦੇ ਕੁੱਝ ਕੁ ਰਜਿਸਟਰਡ ਮਨੋਵਿਗਿਆਨੀਆਂ ਵਿਚੋਂ ਇੱਕ ਵਿਚ, ਇਹ ਆਪਣੀ ਅਧਿਆਪਕ ਦੇ ਫ਼ਰਜ਼ਾਂ ਦੇ ਨਾਲ ਉਹ ਸਵਦੇਸ਼ੀ ਭਾਈਚਾਰਿਆਂ ਵਿਚ ਵੀ ਆਪਣੀਆਂ ਸਰਗਰਮ ਸੇਵਾਵਾਂ ਦਿੰਦੀ ਹੈ।

ਆਲਾਨਾਇਸ ਨੇ ਸਵਦੇਸ਼ੀ ਮਨੋਵਿਗਿਆਨ ਦੇ ਉੱਭਰਦੇ ਖੇਤਰ ਵਿਚ ਬਰਾਂਡਨ ਯੂਨੀਵਰਸਿਟੀ ਵਿਚ ਫ਼ਸਟ ਨੇਸ਼ਨ ਅਤੇ ਸਵਦੇਸ਼ੀ ਕੌਂਸਲਿੰਗ ਪ੍ਰੋਗਰਾਮ ਦਾ ਮੁੜ ਵਿਕਾਸ ਕੀਤਾ। ਇਸ ਨੇ ਕਈ ਪ੍ਰਮੁੱਖ ਵਿੱਦਿਅਕ ਸੰਸਥਾਵਾਂ ਲਈ ਪਾਠਕ੍ਰਮ ਵੀ ਲਿਖਿਆ ਹੈ। "ਆਲਾਨਾਇਸ ਪਛਾਣ ਦੇ ਮੁੜ ਨਿਰਮਾਣ, ਸਮੂਹਕ ਇਲਾਜ ਤੋਂ ਇਲਾਵਾ ਬਸਤੀਵਾਦ ਅਤੇ ਇੰਡੀਅਨ ਰਿਹਾਇਸ਼ੀ ਸਕੂਲਾਂ ਕਾਰਨ ਹੋਏ ਨੁਕਸਾਨ ਤੋਂ ਬਹਾਲੀ ਲਈ ਵੀ ਕੰਮ ਕਰ ਰਹੀ ਹੈ। ਉਸ ਦੇ ਕੰਮ ਨੇ ਕੈਨੇਡਾ ਦੇ ਮੈਂਟਲ ਹੈਲਥ ਕਮਿਸ਼ਨ ਦਾ ਧਿਆਨ ਖਿੱਚਿਆ ਜਿੱਥੇ ਉਸ ਨੇ 2009-2012 ਤੱਕ ਬੱਚਿਆਂ ਅਤੇ ਨੌਜਵਾਨਾਂ ਦੀ ਮਾਨਸਿਕ ਸਿਹਤ ਬਾਰੇ ਸਲਾਹਕਾਰ ਵਜੋਂ ਸੇਵਾਵਾਂ ਦਿੱਤੀਆਂ"।

ਆਲਾਨਾਇਸ ਭਾਸ਼ਾ ਦੀ ਮੁੜ ਸੁਰਜੀਤੀ ਲਈ ਬਹੁਤ ਭਾਵੁਕ ਹੈ ਅਤੇ ਆਪਣੇ ਪਰਵਾਰਕ ਅਤੇ ਕੌਂਸਲਿੰਗ ਦੇ ਤਰੀਕਿਆਂ ਵਿਚ ਆਪਣੀ ਭਾਸ਼ਾ ਦੀ ਵਰਤੋਂ ਕਰਦੀ ਹੈ। ਇਹ ਇੱਕ ਪਰਿਵਰਤਨ ਕਾਰੀ ਕੰਮ ਹੈ ਜੋ ਭਾਸ਼ਾ ਦੀ ਸੁਰਜੀਤੀ ਦੇ ਖੇਤਰ ਵਿਚ ਜਾਂ ਕੌਂਸਲਿੰਗ ਮਨੋਵਿਗਿਆਨ ਵਿਚ ਪਹਿਲਾਂ ਨਹੀਂ ਦੇਖਿਆ ਗਿਆ।

## ਜੇ ਸਿਮਿਓਨ- ਹੈਡਾ ਫ਼ਸਟ ਨੇਸ਼ਨ
## Jay Simeon - Haida First Nation

ਜੇ ਸਿਮਿਓਨ ਲੱਕੜ ਤਰਾਸ਼ ਹੈ ਅਤੇ ਬਾਪ ਹੈ ਜੋ ਪਿਛਲੇ 10 ਸਾਲਾਂ ਤੋਂ ਸਰੀ ਵਿਚ ਰਹਿ ਰਿਹਾ ਹੈ। ਜੇ ਦਾ ਜਨਮ ਸਦਾਸਤਆਸ ਈਗਲ ਕੁਨਬੇ ਦੀ ਕਾਵਾਸ ਸ਼ਾਖਾ ਵਿਚ ਹੋਇਆ। ਜੇ ਦੀ ਮਾਂ ਬਲੈਕਫ਼ੁਟ ਹੈ ਜੋ ਬਰੋਕਟ ਐਲਬਰਟਾ ਤੋਂ ਹੈ। ਜੇ ਨੂੰ ਹੈਡਾ ਕਲਾ ਵਿਚ ਮਾਨਤਾ ਦਿੱਤੀ ਗਈ ਹੈ ਅਤੇ ਪਿਛਲੇ 16 ਸਾਲਾਂ ਤੋਂ ਇਹ ਕਲਾ ਹੋਰ ਕਲਾਕਾਰਾਂ ਨੂੰ ਸਿਖਾ ਰਿਹਾ ਹੈ। 2011 ਵਿਚ ਜੇ ਨੂੰ ਬੀ.ਸੀ. ਵਿਚ ਫ਼ਸਟ ਨੇਸ਼ਨ ਆਰਟ ਲਈ ਫ਼ੁਲਮਰ ਅਵਾਰਡ ਮਿਲਿਆ। ਜੇ ਦਾ ਪਹਿਲਾ ਅਧਿਆਪਕ ਉਸ ਦਾ ਪਿਤਾ ਐਰਿਕ ਸਾਈਮਨ ਸੀ। ਜੇ ਨੇ ਬਚਪਨ ਤੋਂ ਹੀ ਲੱਕੜ ਤਰਾਸ਼ੀ ਦਾ ਕੰਮ ਸ਼ੁਰੂ ਕਰ ਦਿੱਤਾ ਸੀ ਜਿਸ ਲਈ ਲੱਕੜਾਂ ਵਗੈਰਾ ਸਮਾਨ ਘਰ ਦੇ ਨੇੜੇ ਹੀ ਮਿਲ ਜਾਂਦਾ ਸੀ। 14 ਸਾਲ ਦੀ ਉਮਰ ਵਿਚ ਐਰਿਕ ਨੇ ਜੇ ਨੂੰ ਉਸ ਦੀ ਮਾਸੀ ਸ਼ੇਰੋਨ ਜ਼ੈਲਟਾਟਜ਼ੀ ਕੋਲ ਛੱਡਿਆ ਜਿੱਥੋਂ ਇਸ ਦੇ ਕਲਾਤਮਿਕ ਜੀਵਨ ਦਾ ਸਫ਼ਰ ਸ਼ੁਰੂ ਹੋਇਆ।

ਸਿਮਿਓਨ ਜਦੋਂ 14ਸਾਲਾ ਦਾ ਸੀ ਉਸ ਨੇ ਆਪਣੀ ਸਿੱਖਿਆ ਹਾਇਡਾ ਕਲਾਕਾਰ ਮਾਸੀ ਸ਼ਾਰੋਨ ਹਿਚਕਾਕ ਕੋਲੋਂ ਪ੍ਰਾਪਤ ਕੀਤੀ ਅਤੇ ਡਿਵੇਨ ਸਿਮਿਓਨ ਕੋਲੋਂ ਗਹਿਣੇ ਬਣਾਉਣ ਦਾ ਕੰਮ ਸਿੱਖਿਆ। ਕਿਤਾਬਾਂ ਅਤੇ ਅਜਾਇਬ ਘਰਾਂ ਵਿਚੋਂ ਉਸਨੇ ਉੱਤਰ-ਪੱਛਮ ਤੱਟ ਦੇ ਡਿਜ਼ਾਈਨਾਂ ਦੀ ਖੋਜ ਕੀਤੀ। ਜੇ ਦਾ ਕੰਮ ਉੱਤਰੀ ਅਮਰੀਕਾ ਦੀਆਂ ਕਈ ਗੈਲਰੀਆਂ ਵਿਚ ਪ੍ਰਦਰਸ਼ਿਤ ਕੀਤਾ ਗਿਆ ਹੈ। "ਉਹ ਕਈ ਕਿਸਮ ਦੇ ਮਾਧਿਅਮਾਂ ਤੇ ਤਰਾਸ਼ੀ ਦਾ ਨਿਪੁੰਨ ਕਾਰੀਗਰ ਹੈ ਪਰ ਉੱਤਰ-ਪੱਛਮ ਦੇ ਗਹਿਣਿਆਂ ਦੇ ਕੰਮ ਉਸ ਨੇ ਆਪਣੀ ਪਹਿਚਾਣ ਬਣਾਈ ਹੈ। ਉਸ ਦੇ ਸੋਨੇ, ਚਾਂਦੀ, ਹੱਡੀਆਂ ਅਤੇ ਅਰਜਾਈਟ (ਪੱਥਰ) ਤੇ ਤਰਾਸ਼ੀ ਦੇ ਕੰਮ ਕਈ ਕਿਸਮ ਦੀਆਂ ਤਕਨੀਕਾਂ ਸ਼ਾਮਲ ਕਰ ਕੇ ਉੱਤਰ-ਪੱਛਮ ਆਰਟ ਦੀ ਦੁਨੀਆ ਵਿਚ ਬਹੁਤ ਸੁੰਦਰ ਅਤੇ ਪੇਚੀਦਾ ਡਿਜ਼ਾਈਨ ਪੇਸ਼ ਕੀਤੇ ਹਨ।ਉਸ ਦੀ ਡਿਜ਼ਾਈਨ ਪ੍ਰਤੀ ਵਿਸਤਰਿਤ ਜਾਣਕਾਰੀ ਅਤੇ ਨਵੇਂ ਡਿਜ਼ਾਈਨ ਬਣਾਉਣ ਦੀ ਯੋਗਤਾ ਨੇ ਉਸ ਦੇ ਕੰਮ ਨੇ ਇਸ ਪੀੜ੍ਹੀ ਦੇ ਕੰਮਾਂ ਵਿਚ ਉੱਚਾ ਸਥਾਨ ਪ੍ਰਾਪਤ ਕੀਤਾ ਹੈ"। ਜੇ ਨੂੰ ਸ਼ਹਿਰੀ ਹੈਡਾ ਹੋਣ ਤੇ ਤਣਾਅ ਮਹਿਸੂਸ ਹੁੰਦਾ ਹੈ। ਪਰ ਨਵੇਂ ਔਜ਼ਾਰਾਂ ਅਤੇ ਗੈਲਰੀਆਂ ਨੇ ਬੜੇ ਮੌਕੇ ਪ੍ਰਦਾਨ ਕੀਤੇ ਹਨ। ਪਰ ਜੇ ਆਪਣੇ ਇਲਾਕੇ ਵਿਚ ਜਾਣ ਨੂੰ ਤਰਸਦਾ ਹੈ।





ਮੂਨ ਪੈਂਡੈਂਟ Moon Pendant

ਜੇ ਸਿਮਿਓਨ (ਹੈਡਾ) Jay Simeon (Haida)
ਪੀਲ਼ਾ ਦੇਵਦਾਰ, ਸਿੱਪੀ Yellow Cedar, Abalone



ਗੁਜ ਸਡਾਂਗ (ਦੋ ਬਘਿਆੜ) ਪੈਨਲ
ਜੇ ਸਿਮਿਓਨ
ਲਾਲ ਦੇਵਦਾਰ ਦੀ ਲੱਕੜੀ ਅਤੇ ਅਕਰਿਲਕ
**Guuj sdang (Two Wolves) Panel**
Jay Simeon (Haida)
Red Cedar, Acrylic

## ਲੇਨ ਪੀਅਰ-ਕਾਟਜ਼ੇ ਫ਼ਸਟ ਨੇਸ਼ਨ
## Len Pierre - Katzie First Nation



ਲੇਨ ਇੱਕ ਪਿਤਾ ਹੈ, ਕੋਸਟ ਸੈਲਿਸ਼ ਵਿਚ ਸਲਾਹਕਾਰ, ਜਨਤਕ ਬੁਲਾਰਾ, ਸਿੱਖਿਅਕ, ਸਭਿਆਚਾਰ ਪ੍ਰੈਕਟੀਸ਼ਨਰ ਅਤੇ ਅਧਿਆਤਮਿਕ ਲੀਡਰ ਹੈ। ਬਾਲਗ ਵਿੱਦਿਆ ਅਤੇ ਸਭਿਆਚਾਰਕ ਸਿਸਟਮ ਦੀ ਜਾਣਕਾਰੀ ਵਾਲੇ ਪਿਛੋਕੜ ਕਾਰਨ ਲੇਨ ਦਾ ਨਿਸ਼ਾਨਾ ਬਸਤੀਵਾਦੀ ਢਾਂਚੇ ਦੀਆਂ ਨੀਤੀਆਂ ਅਤੇ ਪੜ੍ਹਾਈ ਦੇ ਪਾਠਕ੍ਰਮ ਅਤੇ ਕਿਸੇ ਵੀ ਪੇਸ਼ੇਵਰ ਡਿਸਿਪਲਿਨ ਵਿਚੋਂ ਕਾਰਪੋਰੇਟ ਪ੍ਰਣਾਲੀ ਨੂੰ ਬਦਲਣਾ ਹੈ। ਨਸ਼ਿਆਂ ਦੀ ਜ਼ਿਆਦਾ ਵਰਤੋਂ, ਸਭਿਆਚਾਰਕ ਸੁਰੱਖਿਆ, ਨਸ਼ਿਆਂ ਦੀ ਵਰਤੋਂ ਅਤੇ ਆਦਤ ਨੂੰ ਬੰਦ ਕਰਨ ਅਤੇ ਸਵਦੇਸ਼ੀਆਂ ਦੇ ਵਿਸ਼ਵ ਦ੍ਰਿਸ਼ਟੀਕੋਣ ਦਾ ਪ੍ਰਚਾਰ ਜਿਹੇ ਖੇਤਰਾਂ ਵਿਚ ਸਵਦੇਸ਼ੀਆਂ ਪ੍ਰਤੀ ਪਹੁੰਚ ਤੇ ਸਕਾਰਾਤਮਿਕ ਅਸਰ ਪੈਦਾ ਕਰਨ ਲਈ ਲੇਨ ਸਵਦੇਸ਼ੀਆਂ ਦੇ ਸਿਹਤਮੰਦ ਹੱਕਾਂ ਦਾ ਜ਼ਬਰਦਸਤ ਮੁੱਦਈ ਹੈ।
ਲੇਨ ਦਾ ਕਹਿਣਾ ਹੈ ਕਿ ਹੇਠ ਲਿਖੀਆਂ ਬਸਤੀਵਾਦੀ ਘਟਨਾਵਾਂ ਕਾਰਨ ਸਵਦੇਸ਼ੀ ਲੋਕ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ।
ਰਿਹਾਇਸ਼ੀ ਸਕੂਲ
60ਵਿਆਂ ਦੀਆਂ ਅਜੀਬ ਖ਼ਬਰਾਂ
ਜ਼ਮੀਨਾਂ ਦੀ ਚੋਰੀ
ਸਚਾਈ ਅਤੇ ਸੁਲਾਹ ਦੇ ਸਮੇਂ ਲੇਨ ਦਾ ਮੰਨਣਾ ਹੈ ਕਿ ਸਵਦੇਸ਼ੀ ਅਤੇ ਨਾਨ-ਸਵਦੇਸ਼ੀ ਹਕੀਕਤਾਂ ਨੂੰ ਸਮਝਣ ਅਤੇ ਸੁਲਝਾਉਣ ਦੀ ਜ਼ਰੂਰਤ ਕਦੇ ਵੀ ਇੰਨੀ ਜ਼ਿਆਦਾ ਨਹੀਂ ਸੀ। ਸਵਦੇਸ਼ੀ ਗਿਆਨ ਅਤੇ ਕਦਰਾਂ ਕੀਮਤਾਂ ਨੂੰ ਧਿਆਨ ਵਿਚ ਰੱਖਦਿਆਂ ਉਹ ਕਿਸੇ ਵੀ ਇੱਛਕ ਸੇਵਾ ਪ੍ਰਦਾਤਾ ਨੂੰ ਵਿੱਦਿਅਕ ਭਾਸ਼ਣ, ਵਰਕਸ਼ਾਪ ਅਤੇ ਸਲਾਹ ਸੇਵਾਵਾਂ ਦਿੰਦਾ ਹੈ।

## ਲਿਨ ਡੇਨੀਅਲਜ਼ - ਕਵਾਕਾਟੂਸ ਫ਼ਸਟ ਨੇਸ਼ਨ Lyn Daniels - Kawacatoose First Nation



ਲਿਨ ਨਕਾਰਾਤਮਿਕ ਸਿੱਖਿਆ ਵਿਰੁੱਧ ਬੜੀ ਭਾਵੁਕ ਹੈ। ਲਿਨ ਨੇ ਯੂਨੀਵਰਸਟੀ ਆਫ਼ ਬ੍ਰਿਟਿਸ਼ ਕੋਲੰਬੀਆ ਤੋਂ ਡਾਕਟਰੇਟ ਆਫ਼ ਐਜੂਕੇਸ਼ਨ ਦੀ ਡਿਗਰੀ ਪਾਲਿਸੀ ਅਤੇ ਐਜੈਕੇਸ਼ਨਲ ਲੀਡਰਸ਼ਿਪ ਵਿਚ ਲਈ ਹੈ। ਉਸ ਦੇ ਥੀਸਿਸ ਦਾ ਕੇਂਦਰ ਕਾਲਜ ਦੇ ਇੱਕ ਸਵਦੇਸ਼ੀ ਵਿਦਿਆਰਥੀ ਦੇ ਪਬਲਿਕ ਸਿੱਖਿਆ ਬਾਰੇ ਯਾਦਾਂ ਤੇ ਨਿਰਭਰ ਹੈ। ਉਸ ਨੇ ਇੰਡੀਅਨ ਰਿਹਾਇਸ਼ੀ ਸਕੂਲਾਂ ਦੇ ਸਿਸਟਮ ਅਤੇ ਪਬਲਿਕ ਸਕੂਲ ਸਿਸਟਮਾਂ ਦਾ ਤੁਲਨਾਤਮਿਕ ਅਧਿਐਨ ਕੀਤਾ ਹੈ। ਜਿਸ ਨਾਲ ਉਸ ਨੇ ਅੱਜ ਕਲ ਦੇ ਸਿੱਖਿਆ ਦੇ ਸਿਸਟਮ ਅੰਦਰ ਸਵਦੇਸ਼ੀ ਵਿਦਿਆਰਥੀਆਂ ਦੇ ਤਜਰਬਿਆਂ ਨੂੰ ਪ੍ਰਦਰਸ਼ਿਤ ਕਰਨ ਦੇ ਨਾਲ ਬਸਤੀਵਾਦ ਤੇ ਅਧਾਰਿਤ ਸਿੱਖਿਆ ਪ੍ਰਣਾਲੀ ਨੂੰ ਵੀ ਉਜਾਗਰ ਕੀਤਾ ਹੈ।
ਬੀ.ਸੀ. ਦੇ ਕਈ ਸਕੂਲ ਡਿਸਟ੍ਰਿਕਾਂ ਅਤੇ ਸਿੱਖਿਆ ਮੰਤਰਾਲੇ ਨਾਲ ਕੰਮ ਦੇ ਦੌਰਾਨ ਲਿਨ ਆਦੀਵਾਸੀ ਸਿੱਖਿਆ ਦੇ ਖੇਤਰ ਵਿਚ ਪਰਬੰਧਕ, ਕੋਆਰਡੀਨੇਟਰ ਅਤੇ ਸਲਾਹਕਾਰ ਰਹੀ ਹੈ। ਅੱਜ ਕਲ ਉਹ ਸਰੀ ਦੇ ਸਕੂਲਾਂ ਵਿਚ ਆਦੀਵਾਸੀ ਸਿਖਿਆ ਦੀ ਡਾਇਰੈਕਰ ਆਫ਼ ਇੰਸਟ੍ਰਕਸ਼ਨ ਵਜੋਂ ਕੰਮ ਕਰ ਰਹੀ ਹੈ। ਆਪਣੀ ਭੂਮਿਕਾ ਵਿਚ ਅਤੇ ਉਸ ਤੋਂ ਬਾਹਰ ਵੀ ਉਹ ਸਾਰੇ ਸਵਦੇਸ਼ੀ ਲੀਡਰਾਂ ਵਿਚਕਾਰ ਬਰਾਬਰੀ ਅਤੇ ਸ਼ਕਤੀਸ਼ਾਲੀ ਸਾਂਝ ਦੀ ਵਕਾਲਤ ਕਰਦੀ ਹੈ। ਭਾਈਚਾਰਿਆਂ ਅਤੇ ਸਕੂਲ ਡਿਸਟ੍ਰਿਕਾਂ ਵਿਚਕਾਰ ਸਾਂਝ ਪੈਦਾ ਕਰ ਕੇ ਲਿਨ ਆਦੀਵਾਸੀ ਵਿਦਿਆਰਥੀਆਂ ਲਈ ਪੋਸਟ ਸੈਕੰਡਰੀ ਸਿਖਿਆ ਲਈ ਰਾਹ ਸਾਫ਼ ਕਰਨਾ ਚਾਹੁੰਦੀ ਹੈ।

# ਆਦੀਵਾਸੀਆਂ ਦੀ ਪੁਨਰ ਸੁਰਜੀਤੀ Indigenous Resurgence

> "ਸਵਦੇਸ਼ੀ ਜ਼ਮੀਨਾਂ ਅਤੇ ਪਾਣੀ ਸਾਡੀ ਜੀਵਨ ਸ਼ਕਤੀ ਹਨ ਇਸ ਲਈ ਇਹੀ ਆਦੀਵਾਸੀ ਪੁਨਰ ਸੁਰਜੀਤੀ ਦਾ ਦਿਲ ਹਨ।
>
> - ਕ੍ਰਿਸਟਲ ਸਮਿੱਥ

ਸਵਦੇਸ਼ੀ ਪਹਿਚਾਣ ਦੀ ਪੁਨਰ ਸੁਰਜੀਤੀ ਜਾਂ ਜਾਗ੍ਰਿਤੀ ਦੀ ਲਹਿਰ ਟਰਟਲ ਆਈਲੈਂਡ ਵਿਚ ਵਧ ਰਹੀ ਹੈ। ਸਵਦੇਸ਼ੀ ਸਭਿਆਚਾਰ ਦੀ ਮੁੜ ਸਥਾਪਤੀ ਨਾਲ ਸ਼ੁਰੂ ਕਰ ਕੇ ਨੇਸ਼ਨਜ਼ ਗਰੀਬੀ ਦੇ ਚੱਕਰ ਨੂੰ ਤੋੜ ਸਕਦੀਆਂ ਹਨ ਅਤੇ ਬਸਤੀਵਾਦ ਦੇ ਜ਼ਖ਼ਮਾਂ ਨੂੰ ਭਰ ਸਕਦੀਆਂ ਹਨ। ਇਹ ਪ੍ਰਕਿਰਿਆ ਜ਼ਮੀਨ ਤੋਂ ਸ਼ੁਰੂ ਹੋਵੇਗੀ ਜੋ ਆਦੀਵਾਸੀ ਪਹਿਚਾਣ ਦਾ ਅਤੇ ਸਭਿਆਚਾਰ ਦਾ ਕੇਂਦਰੀ ਬਿੰਦੂ ਹੈ। ਲੀਅਨੇ ਸਿੰਪਸਨ ਲਿਖਦਾ ਹੈ "ਹੁਣ, ਤਦੋਂ ਅਤੇ ਹਮੇਸ਼ਾ ਲੜਾਈ ਜ਼ਮੀਨ ਲਈ ਹੈ। ਜ਼ਮੀਨ, ਇਸ ਤੋਂ ਜੋ ਸਿੱਖਣਾ ਹੈ, ਜੋ ਦੇਣਾ ਹੈ ਇਸ ਸਭ ਲਈ ਕੁਰਬਾਨੀ ਚਾਹੀਦੀ ਹੈ"।

ਇਸ ਲਹਿਰ ਦੀ ਅਗਵਾਈ ਨੌਜਵਾਨਾਂ ਦਾ ਜੋਸ਼ ਕਰ ਰਿਹਾ ਹੈ, ਆਦੀਵਾਸੀ ਲੋਕ ਸਿਹਤ, ਸਿੱਖਿਆ, ਕਾਨੂੰਨ ਅਤੇ ਰਾਜਨੀਤੀ ਵਿਚ ਉੱਨਤੀ ਕਰ ਰਹੇ ਹਨ।

ਆਦੀਵਾਸੀ ਜਾਗ੍ਰਿਤੀ ਦਾ ਕੰਮ ਬਾਹਰੋਂ ਆਏ ਲੋਕਾਂ ਦੇ ਸੰਪਰਕ ਸਮੇਂ ਹੀ ਸ਼ੁਰੂ ਹੋ ਗਿਆ ਸੀ। ਬ੍ਰਿਟਿਸ਼ ਸ਼ਾਸਨ ਦੌਰਾਨ ਪੌਟਲੈਚਿਜ਼ ਅਤੇ ਸਮਾਰੋਹਾਂ ਨੂੰ ਗੈਰ ਕਾਨੂੰਨੀ ਕਰਾਰ ਦੇ ਦਿੱਤਾ ਗਿਆ ਸੀ; ਹਾਲਾਂਕਿ ਆਦੀਵਾਸੀ ਲੋਕ ਇਹ ਸਭ ਛੁਪ ਕੇ ਗੁਪਤ ਰੂਪ ਵਿਚ ਕਰ ਲੈਂਦੇ ਰਹੇ।

ਜਦੋਂ ਰਿਹਾਇਸ਼ੀ ਸਕੂਲਾਂ ਦਾ ਸਿਸਟਮ ਸ਼ੁਰੂ ਹੋਇਆ ਤਾਂ ਸਰਕਾਰੀ ਏਜੰਟਾਂ ਅਤੇ ਆਰ.ਸੀ.ਐੱਮ.ਪੀ ਤੋਂ ਬਚਣ ਲਈ ਕੁੱਝ ਪਰਵਾਰ ਜੰਗਲਾਂ ਵਿਚ ਛੁਪਾ ਦਿੱਤੇ ਗਏ।

1969 ਵਿਚ ਜਦੋਂ ਪੀਏਰੀ ਟਰੂਡੋ ਨੇ ਵ੍ਹਾਈਟ ਪੇਪਰ ਪੇਸ਼ ਕੀਤਾ ਜਿਸ ਦਾ ਮਤਲਬ ਆਦੀਵਾਸੀ ਲੋਕਾਂ ਨੂੰ ਪੂਰੀ ਤਰ੍ਹਾਂ ਪ੍ਰਭਾਵਸ਼ਾਲੀ ਲੋਕਾਂ ਵਿਚ ਜਜ਼ਬ ਕਰ ਦਿੱਤੇ ਜਾਣ ਦਾ ਸੀ ਤਾਂ ਇਸ ਨੂੰ ਆਦੀਵਾਸੀ ਭਾਈਚਾਰੇ ਨੇ ਰੱਦ ਕਰ ਦਿੱਤਾ ਸੀ। ਇਸ ਦੇ ਜਵਾਬ ਵਿਚ ਹੈਰਲਡ ਕਾਰਡੀਨਲ ਦੀ ਅਗਵਾਈ ਵਿਚ ਐਲਬਰਟਾ ਦੀ ਇੰਡੀਅਨ ਐਸੋਸੀਏਸ਼ਨ ਨੇ ਹਾਊਸ ਆਫ਼ ਕਾਮਨਜ਼ ਵਿਚ ਆਪਣੀਆਂ ਰਵਾਇਤੀ ਪੁਸ਼ਾਕਾਂ ਵਿਚ ਢੋਲ ਵਾਜੇ ਵਜਾਉਂਦਿਆਂ ਅਤੇ ਗਾਉਂਦਿਆਂ ਆਪਣੇ ਵੱਲੋਂ ਲਾਲ ਪੇਪਰ ਪੇਸ਼ ਕੀਤਾ। ਲਾਲ ਪੇਪਰ ਵਿਚ ਬ੍ਰਿਟਿਸ਼ ਕਰਾਊਨ ਨਾਲ ਕੀਤੀਆਂ ਅਸਲ ਸੰਧੀਆਂ ਦਾ ਉੱਲੇਖ ਕੀਤਾ ਗਿਆ ਜੋ ਕੈਨੇਡਾ ਅੰਦਰ ਸਵੈ-ਸ਼ਾਸਨ ਅਤੇ ਸਵੈ-ਨਿਰਭਰਤਾ ਲਈ ਨੀਂਹ ਪੱਥਰ ਸਨ। ਰਿਆਨ ਮੈਕਮਾਹੋਨ, ਆਦੀਵਾਸੀ ਮੁੱਦਿਆਂ ਦੇ ਪ੍ਰਸਿੱਧ ਪੋਡਕਾਸਟ ਦੇ ਮੇਜ਼ਬਾਨ ਰੈੱਡ ਮੈਨ ਲਾਫ਼ਿੰਗ ਵਿਚ ਕਹਿੰਦਾ ਹੈ "ਇਹ ਨੋਟ ਕਰਨਾ ਬੜਾ ਜ਼ਰੂਰੀ ਹੈ ਕਿ ਕੈਨੇਡਾ ਵਿਚ ਸਵਦੇਸ਼ੀ ਲੋਕਾਂ ਨਾਲ ਕੀਤੇ ਵਿਵਹਾਰ ਦੀ ਪਰਵਾਹ ਕੀਤੇ ਬਿਨਾਂ ਸਵਦੇਸ਼ੀ ਲੋਕ ਨੇਸ਼ਨ ਟੂ ਨੇਸ਼ਨ ਬਰਾਬਰੀ ਦੇ ਅਧਾਰ ਤੇ ਅਜੇ ਵੀ ਮੇਜ਼ ਤੇ ਬੈਠਣ ਨੂੰ ਤਿਆਰ ਹਨ"।

ਇੱਥੇ ਕਵਾਂਟਲੇਨ ਫ਼ਸਟ ਨੇਸ਼ਨ ਚੀਫ਼ ਮਰਲੀਨ ਗੈਬਰੀਅਲ ਵੱਲੋਂ ਆਪਣੇ ਭਾਈਚਾਰੇ ਦੇ ਬਜ਼ੁਰਗਾਂ ਦਾ ਸਨਮਾਨ ਕੀਤਾ- ਰਿਹਾਇਸ਼ੀ ਸਕੂਲਾਂ ਦੇ ਦੁੱਖਦਾਈ ਤਜਰਬਿਆਂ ਅਤੇ ਵਿਤਕਰਿਆਂ ਦੇ ਬਾਵਜੂਦ ਉਨ੍ਹਾਂ ਨੇ ਲੈਂਗਲੇ ਬੀ.ਸੀ. ਵਿਚ ਆਪਣੇ ਬੱਚਿਆਂ ਨੂੰ ਐਲੀਮੈਂਟਰੀ ਅਤੇ ਹਾਈ ਸਕੂਲ ਦੀ ਸਿੱਖਿਆ ਦੇਣ ਲਈ ਉੱਦਮ ਕੀਤੇ ਹਨ। ਕਵਾਂਟਲੇਨ ਦੇ ਇਹ ਬਜ਼ੁਰਗ ਅਗਲੀ ਪੀੜ੍ਹੀ ਦੀ ਸਿੱਖਿਆ ਪ੍ਰਤੀ ਬੜੇ ਉਤਸ਼ਾਹ ਵਿਚ ਹਨ ਤਾਂ ਕਿ ਅਤੀਤ ਦੇ ਅਤਿਆਚਾਰ ਜਾਰੀ ਨਾ ਰਹਿਣ।

# ਅੰਤਿਕਾ Closing

ਇਸ ਕਿਤਾਬਚੇ ਨੂੰ ਪੜ੍ਹਨ ਲਈ ਸਮਾਂ ਕੱਢਣ ਵਾਸਤੇ ਤੁਹਾਡਾ ਧੰਨਵਾਦ। ਓਟਾਵਾ ਵਿਚ ਰਾਇਡੋ ਹਾਈ ਸਕੂਲ ਦੇ ਅਧਿਆਪਕਾਂ, ਮਾਪਿਆਂ, ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਸੈਨੇਟਰ ਮਰੀ ਸਿੰਕਲੇਅਰ ਨੇ ਨਵੇਂ ਆਏ ਨਿਵਾਸੀਆਂ ਦਾ ਧਿਆਨ ਮੇਲ-ਮਿਲਾਪ ਦੀ ਮਹੱਤਵਪੂਰਨ ਭੂਮਿਕਾ ਵਿਚ ਅਹਿਮ ਯੋਗਦਾਨ ਵੱਲ ਦਵਾਇਆ। ਉਨ੍ਹਾਂ ਨੇ ਕਿਹਾ, "ਕੈਨੇਡਾ ਵਿਚ ਆਏ ਨਵੇਂ ਨੌਜਵਾਨਾਂ ਨੇ ਜੇ ਇਹ ਇਤਿਹਾਸ ਪੜ੍ਹਿਆ ਹੀ ਨਹੀਂ ਤਾਂ ਉਹ ਸੁਲਾਹ ਸਮਝੌਤੇ ਦੇ ਕਾਰਜ ਵਿਚ ਕੀ ਹਿੱਸਾ ਪਾ ਸਕਦੇ ਹਨ? ਜੇ ਤੁਸੀਂ ਇਸ ਮੁਲਕ ਦੇ ਭਵਿੱਖ ਨਾਲ ਜੁੜਨਾ ਚਾਹੁੰਦੇ ਹੋ ਅਤੇ ਇਸ ਦੇ ਭਵਿੱਖ ਲਈ ਜ਼ਿੰਮੇਵਾਰੀ ਸਮਝਦੇ ਹੋ ਤਾਂ ਇਸ ਮੁਲਕ ਦੇ ਭਵਿੱਖ ਲਈ ਤੁਹਾਨੂੰ ਸੁਲਾਹ ਸਮਝੌਤੇ ਦਾ ਵੀ ਹਿੱਸਾ ਬਣਨਾ ਹੋਵੇਗਾ"।

-ਸੈਨੇਟਰ ਮਰੀ ਸਿੰਕਲੇਅਰ Senator Murray Sinclair




Hanna Dexel-Poitras, Jaylen Dexel-Poitras, Jamie Dexel-Poitras (N'kakamplux), and Presley Poitras (Haida and Syilx)



Funded by:

Immigration, Refugees
and Citizenship Canada

Financé par :

Immigration, Réfugiés
et Citoyenneté Canada

SURREY
LOCAL IMMIGRATION
PARTNERSHIP